# ਅੰਮ੍ਰਿਤ ਕੀਰਤਨ

ਅਪਰੈਲ 2010




ਤਖਤ ਸ੍ਰੀ ਕੇਸਗੜ੍ਹ ਸਾਹਿਬ

ਆਨਰੇਰੀ ਸੰਪਾਦਕ
ਡਾ. ਜਾਗੀਰ ਸਿੰਘ

ਮੁੱਲ 15/-



# ਬ੍ਰਿਹਨ ਦਾ ਗੀਤ

ਕੱਢ ਕੱਢ ਹੰਝੂ ਅੱਖੀਆਂ ਵਿਚੋਂ,
ਹਾਰ ਪ੍ਰੋਤਾ ਤੇਰੇ ਲਈ।

ਕੱਢ ਜਿਗਰਾ ਭੀ ਨਜ਼ਰ ਕਰੇਸਾਂ
ਜੇ ਸਮਝਾਂ ਤੂੰ ਮੇਰੇ ਲਈ।

ਦੇ ਦੀਦਾਰ, ਪਾਵਾਂ ਗਲ ਤੇਰੇ-
ਹਾਰ ਪ੍ਰੋਤਾ ਹੰਝੂਆਂ ਦਾ।

ਸੰਤੋਖ ਕਬੂਲੋ ਭੇਟ ਬ੍ਰਿਹਨ ਦੀ
ਮੈਂ ਕੁਝ ਨਹੀਂ ਆਜਿਜ਼ ਝੇੜੇ ਲਈ

**ਪੁਸਤਕ -ਗੁੱਝੀਆਂ ਰਮਜ਼ਾਂ : ਕਵੀ ਸੁਰਗਵਾਸੀ ਸੰਤ ਸੰਤੋਖ ਸਿੰਘ**

# ਅੰਮ੍ਰਿਤ ਕੀਰਤਨ


ਸੰਪਾਦਕ (ਆਨਰੇਰੀ)

**ਡਾ. ਜਾਗੀਰ ਸਿੰਘ**

ਐਮ.ਏ. (ਸੰਗੀਤ, ਪੰਜਾਬੀ, ਧਾਰਮਿਕ ਅਧਿਐਨ), ਪੀ.ਐਚ.ਡੀ

ਸਹਿਯੋਗੀ

**ਸ. ਹਰਭਜਨ ਸਿੰਘ ▲ ਸ. ਉੱਤਮ ਸਿੰਘ**

ਆਨਰੇਰੀ ਸਲਾਹਕਾਰ

**ਸ: ਹਰਚੰਦਨ ਸਿੰਘ**


- ▲ ਲੇਖਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿੱਜੀ ਹਨ। ਇਨ੍ਹਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।
- ▲ 'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ: 4/8/90 ਮਿਤੀ 20/2/91 ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬ੍ਰੇਰੀਆਂ ਲਈ ਪ੍ਰਵਾਨਿਤ ਹੈ।
- ▲ Donations are eligible for relief u/s 80 G of Income-Tax Act, 1961 (43 of 1961) vide CIT/-I/ CHD/ Tech./ 80-G/ 2008-939 dated 19-05-2008 valid upto 31/03/2012

ਚੰਦੇ ਦਾ ਵੇਰਵਾ

- ▲ ਦੇਸ਼: ਇਕ ਕਾਪੀ 15 ਰੁ., ਸਲਾਨਾ 150 ਰੁ. ਜੀਵਨ ਮੈਂਬਰ 1500 ਰੁ.
- ▲ ਵਿਦੇਸ਼: ਸਲਾਨਾ 30 $, ਜੀਵਨ ਮੈਂਬਰ 300 $
- ▲ 'ਅੰਮ੍ਰਿਤ ਕੀਰਤਨ' ਲਈ ਡਰਾਫਟ 'ਅੰਮ੍ਰਿਤ ਕੀਰਤਨ ਟ੍ਰਸਟ' ਦੇ ਨਾਮ ਹੀ ਭੇਜੇ ਜਾਣ ਜੀ। ਜਾਂ State Bank of Patiala ਵਿਚ Amrit Kirtan Trust A/c 65079603302 ਵਿਚ ਸਿੱਧਾ ਜਮਾਂ ਕਰਾ ਕੇ ਸਾਨੂੰ ਸੂਚਿਤ ਕਰੋ ਜੀ


ਚਿੱਠੀ ਪੱਤਰ ਅਤੇ ਰਚਨਾਵਾਂ ਭੇਜਣ ਲਈ ਪਤਾ

ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)

422, ਸੈਕਟਰ 15-ਏ, ਚੰਡੀਗੜ੍ਹ 16● ●15

ਫੋਨ : 0172-277266●, ●9814● 5363●

e-mail: drjagirsingh@gmail.com

Website : www.amritkirtan.com, www.gurshabad.com



ਡਾ. ਜਾਗੀਰ ਸਿੰਘ, ਪ੍ਰਧਾਨ 'ਅੰਮ੍ਰਿਤ ਕੀਰਤਨ ਟ੍ਰਸਟ' ਨੇ ਸਿਰਜਣਾ ਪ੍ਰਿੰਟਰਜ਼ ਅਤੇ ਸਟੇਸ਼ਨਰਜ਼, ਐਸ. ਸੀ. ਐਫ. 107, ਫੇਜ਼-7, ਮੁਹਾਲੀ ਤੋਂ ਛਪਵਾ ਕੇ 422, ਸੈਕਟਰ 15-ਏ, ਚੰਡੀਗੜ੍ਹ ਤੋਂ ਪ੍ਰਕਾਸ਼ਿਤ ਕੀਤਾ।


## ਇਸ ਅੰਕ ਵਿਚ


ਮਿਤ੍ਰ ਅਸਾਡੜੇ ਸੇਈ — 4

ਕਰਉ ਬੇਨੰਤੀਆ - ਸੰਪਾਦਕੀ — 6

ਗੁਰਬਾਣੀ ਵਿਚ ਕੀਰਤਨ ਦਾ ਸੰਕਲਪ — 7
ਡਾ. ਜਾਗੀਰ ਸਿੰਘ

ਭਾਰਤੀ ਸੰਗੀਤ ਸਬੰਧੀ ਪ੍ਰਕਾਸ਼ਨ ਖੇਤਰ ਵਿੱਚ ਪੰਜਾਬੀ ਯੂਨੀਵਰਸਿਟੀ ਪਟਿਆਲਾ ਦਾ ਯੋਗਦਾਨ
ਰਿਸ਼ਪਾਲ ਸਿੰਘ — 11

ਮਹਾਨ ਕਲਾਕਾਰ ਭਾ: ਮਦਨਜੀਤ ਸਿੰਘ
ਕਰਮ ਸਿੰਘ ਰਤਨ — 14

**Attainment Of Our Purpose Of Life**
Manmohan Singh Sethi — 17

**SHABAD KEERTAN : AS AN ART OF MUSICAL INTERPRETATION**
Dr. Gurnam Singh — 19

ਪ੍ਰੈਸ ਰਿਲੀਜ — 2●

ਰੂਪਕ ਤਾਲ
ਕਿਰਪਾਲ ਸਿੰਘ — 21

ਸੁਰ ਲਿਪੀ - ਰਾਗੁ ਬਿਲਾਵਲ
ਹਰਭਜਨ ਸਿੰਘ ਚੋਪੜਾ — 25

ਸੁਰ ਲਿਪੀ ਵਾਲੇ ਸ਼ਬਦ ਦੇ ਅਰਥ — 26


**Please forward your e-mail id at drjagirsingh@gmail.com**

# ਮਿਤ੍ਰ ਅਸਾਡੜੇ ਸੇਈ

ਮੈਂ ਪਿਛਲੇ ਕੁਝ ਸਮੇਂ ਤੋਂ ਆਪ ਜੀ ਵੱਲੋਂ ਸੰਪਾਦਤ ਮੈਗਜ਼ੀਨ 'ਅੰਮ੍ਰਿਤ ਕੀਰਤਨ' ਪੜ੍ਹ ਰਿਹਾ ਹਾਂ। ਪ੍ਰੋ: ਪੂਰਨ ਸਿੰਘ ਨੇ ਕਿਹਾ ਸੀ ਪੰਜਾਬ ਵਸਦਾ ਗੁਰਾਂ ਦੇ ਨਾਂ 'ਤੇ ਹੈ। ਉਹਨਾਂ ਗੁਰਾਂ ਦੇ ਨਾਂ 'ਤੇ ਜਿਹਨਾਂ ਨੇ ਕਿਹਾ ਕਿ ਸ਼ਬਦ ਸਾਡਾ ਗੁਰੂ ਹੈ। ਸ਼ਬਦ ਸ਼ਕਤੀ ਹੈ। ਸ਼ਬਦ ਬਿਨ੍ਹਾਂ ਅਸੀਂ ਅਧੂਰੇ ਹੀ ਹਾਂ। ਤੇ ਸ਼ਬਦ ਸਾਨੂੰ ਪੂਰੇ ਕਰਦਾ ਹੈ। ਸ਼ਬਦ ਦੀ ਪੂਰਨਤਾ ਵਿਚ ਸੁਰ ਤੇ ਸੁਰਤਿ ਵੀ ਸ਼ਾਮਲਿ ਹਨ। ਮੈਨੂੰ ਬੇਪਨਾਹ ਖੁਸ਼ੀ ਹੈ ਕਿ ਇਹ 'ਅੰਮ੍ਰਿਤ ਕੀਰਤਨ' ਮੈਗਜ਼ੀਨ ਪੰਜਾਬੀ ਦਾ ਇਕੋ ਇਕ ਮੈਗਜ਼ੀਨ ਹੈ ਜਿਹੜਾ ਸ਼ਬਦ, ਸੁਰ ਤੇ ਸੁਰਤਿ ਦੇ ਸੁਮੇਲ ਦੀ ਗੱਲ ਕਰ ਰਿਹਾ ਹੈ। ਇਸ ਸੰਕਲਪ ਨੂੰ ਸੰਗਤਾਂ ਵਿਚ ਲਿਜਾਣ ਲਈ ਤੁਸੀਂ ਤੇ ਤੁਹਾਡੀ ਸਮੁੱਚੀ ਟੀਮ ਵਧਾਈ ਦੀ ਹੱਕਦਾਰ ਹੈ। ਦੁਆ ਹੈ ਕਿ ਤੁਹਾਡੀ ਉਮਰ ਲੋਕ ਗੀਤ ਜਿੰਨੀ ਲੰਮੀ ਹੋਵੇ।

ਇਸ ਵਾਰੀ ਤੁਸੀਂ ਆਪਣੀ ਸੰਪਾਦਕੀ ਵਿਚ ਇਕ ਕਹਾਣੀ ਜੋ ਕਹਾਣੀ ਨਹੀਂ ਹੈ। ਇਸ ਵਿਚ ਕਮਾਲ ਦਾ ਪ੍ਰਸੰਗ ਛੋਹਿਆ ਹੈ। ਰੁਮਾਲਾ ਚੜ੍ਹਾਉਣ ਲਈ ਡੇਟ ਲੈਣ ਵਾਲੀ ਗੱਲ ਨਾਲ ਤੁਸੀਂ ਜਿਸ ਕਿਸਮ ਦੀ ਗੱਲ ਛੇੜੀ ਹੈ ਉਹ ਸੱਚੀਂ ਸਾਡੀ ਚਿੰਤਾ ਔਰ ਚਿੰਤਨ ਦਾ ਮਸਲਾ ਹੈ।

[ਜਸਵੀਰ ਸਿੰਘ ਰਾਣਾ, ਅਮਰਗੜ੍ਹ ਜ਼ਿਲ੍ਹਾ ਸੰਗਰੂਰ, ਮੋ: 98156-5922●]

Most loving regards and I am totally convinced that Amrit Kirtan is a different journal among other magazines. your editorial is always in Charhdi Kala. Browsing through the different sites under www.amritkirtan.com on 04-03-2010 has been an exhilarating experience and feel that it was a most fortunate day for me. We look forward to listen your Kirtan. You are a blessed individual.

**Surinder jit Singh, 104/88, Silver Oaks Complex, DLF-1, Gurgaon - 122 002, Haryana**

ਮੈਂ ਕਾਫੀ ਵਰ੍ਹੇ ਤੋਂ ਅੰਮ੍ਰਿਤ ਕੀਰਤਨ ਪੱਤਰ ਨਾਲ ਜੁੜਿਆ ਹਾਂ, ਅਤੇ ਹੋਰ ਕਈ ਪਾਠਕਾਂ ਨੂੰ ਪ੍ਰਤਿਕਾ ਦਾ ਮੈਂਬਰ ਵੀ ਬਣਾਇਆ ਹੈ ਪਰ ਅੱਜ ਮੈਨੂੰ ਖੁਸ਼ੀ ਇਹ ਹੈ ਕਿ ਮੇਰੇ ਬਣਾਏ ਇਕ ਪਾਠਕ ਨੇ ਅੰਮ੍ਰਿਤ ਕੀਰਤਨ ਮੈਗਜ਼ੀਨ ਤੋਂ ਪ੍ਰੇਰਿਤ ਹੋ ਕੇ ਇਸ ਨੂੰ ਆਪਣੇ ਜੀਵਨ ਦਾ ਆਧਾਰ ਬਣਾ ਲਿਆ। ਮੈਂ ਆਪ ਜੀ ਜਾਣਕਾਰੀ ਇਸ ਪਤੱਰ ਦੁਵਾਰਾ ਦੇਣਾ ਚਾਹੁੰਦਾ ਹਾ ਕਿ ਕੁਝ ਵਰ੍ਹੇ ਪਹਿਲਾਂ ਮੈਂ ਬੀਬੀ ਕਮਲਜੀਤ ਕੋਰ ਚਿੱਟ ਨੰਬਰ PU-4182 ਨੂੰ ਅੰਮ੍ਰਿਤ ਕੀਰਤਨ ਦਾ ਮੈਂਬਰ ਬਣਾਇਆ ਸੀ ਉਸ ਸਮੇਂ ਇਹ ਬੱਚੀ ਦਸਵੀ ਕਲਾਸ ਚ ਸੀ। ਪਰ ਉਸ ਨੂੰ ਸ਼ਬਦ ਗਾਇਣ ਦਾ ਬਹੁਤ ਹੀ ਸ਼ੋਕ ਸੀ। ਇਹ ਰਿਸ਼ਤੇ ਚੋ ਮੇਰੀ ਭਣੇਵੀ ਹੈ ਜਦੋਂ ਮੈਨੂੰ ਮਿਲਦੀ ਸੀ ਪੁੱਛਦੀ ਸੀ ਮਾਮਾ ਜੀ ਮੈਨੂੰ ਦੱਸੋ ਮੈਂ ਅੱਗੋਂ ਫੀਲਡ ਤੋ ਮੈਂ ਕੀ ਤਰਾਂ। ਮੈਂ ਉਸਦਾ ਸ਼ੋਕ ਵੇਖਕੇ ਕਹਿੰਦਾ ਹੁੰਦਾ ਸੀ ਬੇਟਾ ਤੁਸੀਂ ਕਲਾਸੀਕਲ ਮੁਯਜਿਕ ਦੀ ਪੜਾਈ ਕਰੋ ਉਹੀ ਦਿਨੀ ਆਪ ਜੀ ਨੂੰ ਸਨਮਾਨਿਤ ਹੋਣ ਦਾ ਲੇਖ ਵੀ ਪੜ੍ਹਿਆ ਉਸ ਦੇ ਮਨ ਵਿਚ ਗੱਲ ਬੈਠ ਗਈ ਤੇ ਉਸ ਨੇ 1●+2 ਤੋਂ ਬਾਅਦ ਭਾਸਕਰ ਤੇ ਭੂਸ਼ਨ ਦਾ ਡਿਪਲੋਮਾ ਕੀਤਾ ਅਤੇ ਜਲੰਧਰ ਦੇ ਇਕ ਕਾਲਿਜ ਤੋਂ ਮਿਯੂਜਿਕ ਦੀ ਪੜਾਈ ਸ਼ੁਰੂ ਕੀਤੀ ਪਿਛਲੇ ਸਾਲ ਕਾਲਜ ਦੇ ਯੂਥ ਫੇਸਟੀਵੇਲ ਦੀ ਜੇਤੂ ਰਹੀ BA-1 ਚੋ ਵੀ ਪਹਿਲਾ ਨੰਬਰ ਹਾਸਿਲ ਕੀਤਾ।

ਇਸ ਸਾਲ B.A. ਭਾਗ-2 ਚੋ ਸਾਰੇ ਪੰਜਾਬ ਚੋ ਸ੍ਰੀ ਗੁਰੂ ਨਾਨਕ ਦੇਵ ਜੀ ਯੂਨੀਵਰਸਿਟੀ ਵਿਚ ਉਸ ਬੱਚੀ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ। ਸਿਤੰਬਰ 2●●9 ਨੂੰ ਆਏ ਨਤੀਜੇ 'ਚ 8●● ਨੰਬਰਾਂ 691 ਅੰਕ ਲੈ ਕੇ ਆਪਣੇ ਘਰ ਪਰਿਵਾਰ ਤੇ ਸਾਰੇ ਰਿਸ਼ਤੇਦਾਰਾਂ ਚ ਖੁਸ਼ੀਆਂ ਦੀ ਲਹਿਰ ਫੈਲਾਈ ਮੈਨੂੰ ਜਦੋਂ ਪਤਾ ਲੱਗਾ ਮੇਰੇ ਤੋਂ ਰਿਹਾ ਨਹੀਂ ਗਿਆ ਮੈਂ ਉਸ ਤੋਂ ਸਾਰੀ ਜਾਣਕਾਰੀ ਲੈ ਕੇ ਆਪ ਜੀ ਨੂੰ ਭੇਜਣ ਲਈ ਬੇਚੈਨ ਹੋ ਗਿਆ। ਮੇਰੀ ਆਪ ਜੀ ਪਾਸ ਬੇਨਤੀ ਹੈ ਕਿ ਅੰਮ੍ਰਿਤ ਕੀਰਤਨ ਰਾਹੀ ਉਸ ਬੱਚੀ ਦੇ ਉਦੇਸ਼ ਤੇ ਉਪੜਦਾ ਹੋਸਲਾ ਦਿਉ। ਵਾਹਿਗੁਰੂ ਜੀ ਦਾ ਸਦਕਾ ਹੈ ਛੋਟੀ ਉਮਰ ਚ ਵੱਡੀ ਉਡਾਰੀ ਮਾਰ ਲਈ। ਬਹੁਤ ਸਾਰੇ ਲੋਕਾਂ ਨੇ ਸਿੱਖ ਬੱਚੀ ਲਈ ਇਸ ਫੀਲਡ ਨੂੰ ਚੰਗਾ ਮੰਦਾ ਵੀ ਕਿਹਾ ਹੈ ਪਰ ਉਸਦੀ ਪਰਵਾਹ ਨਾ ਕਰਕੇ ਅਗੇ ਵਧੱਣਾ ਵੀ ਇਕ ਤਾਕਤ ਹੀ ਹੈ ਬੱਸ

ਇਥੇ ਹੋ ਜਾਂਦੀ ਹੈ ਕਿ ਆਪਣੇ ਪੰਥ ਵਲੋਂ ਸਮਾਜ ਸੰਸਥਾਵਾਂ ਦਾ ਪ੍ਰੋਤਸਾਹਣ ਨਾ ਮਿਲਣ ਕਾਰਣ ਹੀ ਹੋਰ ਵੀ ਕਈ ਬੱਚੇ ਜੋ ਅੱਛੇ ਕਲਾਸੀਕਲ ਮੁਯਜਿਕ ਦੇ ਮਾਹਿਰ ਬਣ ਸਕਦੇ ਹਨ ਪਰ ਉਹਨਾਂ ਨੂੰ ਕੋਈ ਹੋਸਲਾ ਨਹੀਂ ਮਿਲਣ ਕਾਰਣ ਵਿਚਾਰੇ ਖੁੰਝੇ ਹੀ ਪਏ ਰਹਿ ਜਾਂਦੇ ਹਨ। ਕ੍ਰਿਪਾ ਕਰਕੇ ਅੰਮ੍ਰਿਤ ਕੀਰਤਨ ਦੁਵਾਰਾ ਆਪ ਜੀ ਸਮੁੱਚੇ ਢੰਗ ਨਾਲ ਉਸ ਬੱਚੀ ਨੂੰ ਪ੍ਰੇਰਿਤ ਕਰੋ। ਜੋ ਲੋਕ ਕੁੜੀਆਂ ਦਾ ਕਲਾਸੀਕਲ ਮੁਯਜਿਕ ਪੜਾਈ ਕਰਨਾ ਨਫਰਤ ਦੀ ਦੇਖਣੀ ਦੇਖਦੇ ਹਨ ਉਹਨੂਾਂ ਲਈ ਵੀ ਆਪਣੇ ਵਿਚਾਰ ਪ੍ਰਕਾਸ਼ਿਤ ਕਰੋ ਜੀ। ਵਾਹਿਗੁਰੂ ਜੀ ਪਾਸ ਬੇਨਤੀ ਹੈ ਕਿ ਅੰਮ੍ਰਿਤ ਕੀਰਤਨ ਟਰੱਸਟ ਦਿਨ ਦੁਗਨੀ ਤੇ ਰਾਤ ਚੌਗੁਣੀ ਤਰੱਕੀ ਕਰੇ। ਮੇਰੀ ਇਹ ਹੀ ਅਰਦਾਸ ਹੈ। ਮੈਂ ਇਸ ਪੱਤਰ ਦੇ ਨਾਲ ਉਸ ਬੱਚੀ ਬਾਰੇ ਖਬਰ ਭੇਜ ਰਿਹਾਂ ਹਾਂ।

**Satwinder Singh, Elec. Deptt. HCL, P.O. Malanj Kharnd, Distt. Balaghat - 481116 (MP)**

# बीए द्वितीय वर्ष की छात्रा कमलजीत कौर रही युनिवर्सिटी में अव्वल

बीए द्वितीय के परीक्षा परिणाम में यूनिवर्सिटी में प्रथम स्थान पाने वाली छात्रा के घर में खुशी का माहौल है। रेल कोच फैक्ट्री की फर्निशिंग शॉप में सैक्शन इंजीनियर की पोस्ट पर कार्यरत सुरजीत सिंह की बेटी कमलजीत कौर ने इस परिणाम में 800 में से 691 अंक प्राप्त किए है। एचएमवी कॉलेज जालंधर की छात्रा कमलजीत कौर ने प्लस टू नवोदया विद्यालय से की है।

मैडीकल में 65 प्रतिशत अंक लेने वाली कमलजीत कौर ने मैडिकल की पढ़ाई छोड़कर आटर्स ग्रुप में दाखिला लिया था। कमलजीत ने बीए प्रथम भाग में प्रथम स्थान हासिल किया था। कमलजीत कौर ने बताया कि उसे पढ़ाई के साथ-साथ संगीत का भी शौंक है इसलिए वह म्युजिक वोकल और इंस्टरूमैंट में शिक्षा ले रही है।

कमलजीत कौर ने बताया कि वह प्रोफैसर बनना चाहती है। कमलजीत कौर जौनल यूथ फैस्टीवल में प्रथम स्थान और हरिवल्लभ संगीत सम्मेलन जालंधर में चौथा स्थान हासिल कर चुकी है। कमलजीत कौर का बड़ा भाई सुमीत सिंह एयरफोर्स में है जबकि दूसरा भाई गुरप्रीत सिंह इलेक्ट्रानिक इंजीनियरिंग कर रहा है।

# ਕਰਉ ਬੇਨੰਤੀਆ

ਵੈਸਾਖ ਦੇ ਮਹੀਨੇ ਖਾਲਸਾ ਸਥਾਪਨਾ ਦਿਵਸ ਆਉਂਦਾ ਹੈ ਇਸ ਪੁਰਬ ਤੇ ਜਦੋਂ ਵੀ ਕੀਰਤਨ ਕਰਦਾ ਹਾਂ ਤਾਂ ਹੇਠ ਲਿਖੇ ਸ਼ਬਦਾਂ ਦਾ ਗਾਇਨ ਜ਼ਰੂਰ ਕਰਦਾ ਹਾਂ :-

ਧੰਨ ਜੀਓ ਤਿਹ ਕੋ ਜਗ ਮੈ ਮੁਖ ਤੇ ਹਰਿ ਚਿਤ ਮੈ ਜੁਧੁ ਬਿਚਾਰੈ॥
ਦੇਹ ਅਨਿੱਤ ਨ ਨਿੱਤ ਰਹੈ ਜਸੁ ਨਾਵ ਚੜੈ ਭਵ ਸਾਗਰ ਤਾਰੈ॥
ਧੀਰਜ ਧਾਮ ਬਨਾਇ ਇਹੈ ਤਨ ਬੁਧਿ ਸੁ ਦੀਪਕ ਜਿਉ ਉਜੀਆਰੈ॥
ਗਿਆਨਹਿ ਕੀ ਬਢਨੀ ਮਨਹੁ ਹਾਥ ਲੈ ਕਾਤਰਤਾ ਕੁਤਵਾਰ ਬੁਹਾਰੈ॥

ਰੇ ਮਨ ਐਸੋ ਕਰਿ ਸੰਨਿਆਸਾ॥
ਬਨ ਸੇ ਸਦਨ ਸਭੈ ਕਰਿ ਸਮਝਹੁ ਮਨ ਹੀ ਮਾਹਿ ਉਦਾਸਾ॥੧॥ ਰਹਾਉ॥
ਜਤ ਕੀ ਜਟਾ ਜੋਗ ਕੋ ਮੱਜਨ ਨੇਮ ਕੇ ਨਖਨ ਬਢਾਓ॥
ਗਯਾਨ ਗੁਰੂ ਆਤਮ ਉਪਦੇਸਹੁ ਨਾਮ ਬਿਭੂਤ ਲਗਾਓ॥੧॥
ਅਲਪ ਅਹਾਰ ਸੁਲਪ ਸੀ ਨਿੰਦ੍ਰਾ ਦਯਾ ਛਿਮਾ ਤਨ ਪ੍ਰੀਤਿ॥
ਸੀਲ ਸੰਤੋਖ ਸਦਾ ਨਿਰਬਾਹਿਬੋ ਹ੍ਵੈਬੋ ਤ੍ਰਿਗੁਣ ਅਤੀਤ॥ ੨॥
ਕਾਮ ਕ੍ਰੋਧ ਹੰਕਾਰ ਲੋਭ ਹਠ ਮੋਹ ਨ ਮਨ ਸਿਉਂ ਲਯਾਵੈ॥
ਤਬ ਹੀ ਆਤਮ ਤਤ ਕੋ ਦਰਸੇ ਪਰਮ ਪੁਰਖ ਕੱਹ ਪਾਵੈ॥ ੧॥

ਇਹਨਾਂ ਸ਼ਬਦਾਂ ਵਿਚ ਸਵੈ ਅਨੁਸ਼ਾਸਨ ਦੀ ਸਿੱਖਿਆ ਦਿੱਤੀ ਗਈ ਹੈ। ਮੇਰਾ ਵਿਚਾਰ ਹੈ ਕਿ ਸਵੈ-ਅਨੁਸ਼ਾਸਨ ਤੋਂ ਬਿਨ੍ਹਾਂ ਕੋਈ ਵਿਅਕਤੀ ਖਾਲਸਾ ਨਹੀਂ ਬਣ ਸਕਦਾ। ਤੁਹਾਡਾ ਕੀ ਵਿਚਾਰ ਹੈ.....?

# ਗੁਰਬਾਣੀ ਵਿਚ ਕੀਰਤਨ ਦਾ ਸੰਕਲਪ

**ਡਾ. ਜਾਗੀਰ ਸਿੰਘ**

'ਕੀਰਤਨ ਦਾ ਅਰਥ ਹੈ ਪ੍ਰਮਾਤਮਾ ਦੇ ਗੁਣ ਗਾਉਣੇ।' ਸਿੱਖ ਧਰਮ ਵਿਚ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਅਤੇ ਹੋਰ ਪ੍ਰਮਾਣਿਕ ਬਾਣੀਆਂ ਨੂੰ ਸੁਰ, ਲੈਅ, ਤਾਲ ਸਹਿਤ ਰਾਗਾਂ ਵਿਚ ਗਾਇਨ ਕਰਨ ਦਾ ਨਾਮ ਕੀਰਤਨ ਕਿਹਾ ਜਾਂਦਾ ਹੈ। ਕੀਰਤਨ ਭਾਵੇਂ ਇਕ ਵਿਸ਼ੇਸ਼ ਧਾਰਮਿਕ ਕਾਰਜ ਹੈ ਪਰ ਗੁਰਬਾਣੀ ਵਿਚ ਇਸ ਨੂੰ ਖਾਸ ਮਹੱਤਤਾ ਪ੍ਰਾਪਤ ਹੋ ਗਈ ਹੈ। ਗੁਰਬਾਣੀ ਵਿਚ ਪ੍ਰਮਾਤਮਾ ਦੇ ਨਾਮ ਸਿਮਰਨ ਨੂੰ ਵੀ ਕੀਰਤਨ ਆਖਿਆ ਗਿਆ ਹੈ:-

ਕੀਰਤਨ ਨਾਮ ਸਿਮਰਤ ਰਹਉ,<br>
ਜਬ ਲਗ ਘਟਿ ਸਾਸੁ॥

(ਬਿਲਾਵਲੁ ਮਹਲਾ 5, ਪੰਨਾ 818)

ਅਰਥਾਤ ਜਦੋਂ ਤੱਕ ਮੇਰੇ ਸਰੀਰ ਵਿਚ ਸਵਾਸ ਹੈ ਉਦੋਂ ਤਕ ਮੈਂ ਤੇਰਾ ਨਾਮ ਸਿਮਰਨ ਰੂਪੀ ਕੀਰਤਨ ਕਰਦਾ ਰਹਾਂ।

ਚੀਤਿ ਆਵੈ ਸਦ ਕੀਰਤਨ ਕਰਤਾ॥(ਪੰਨਾ॥4॥

ਜਦੋਂ ਪ੍ਰਮਾਤਮਾ ਹਿਰਦੇ ਵਿਚ ਵਸਦਾ ਹੈ ਤਾਂ ਸਮਝੋ ਮਨੁੱਖ ਸਦਾ ਕੀਰਤਨ ਕਰਦਾ ਹੈ। ਗੁਰਬਾਣੀ ਵਿਚ ਕੀਰਤਨ ਨੂੰ ਹੀਰਾ ਕਿਹਾ ਗਿਆ ਹੈ।

ਕੀਰਤਨ ਨਿਰਮੋਲਕ ਹੀਰਾ।<br>
ਅਨੰਦ ਗੁਣੀ ਗਹੀਰਾ॥ਰਾਮਕਲੀ ਮਹਲਾ 5 ਪੰਨਾ 893

ਅਰਥਾਤ-ਕੀਰਤਨ ਇਕ ਅਜਿਹਾ ਹੀਰਾ ਹੈ ਜਿਸਦਾ ਮੁੱਲ ਨਹੀਂ ਪੈ ਸਕਦਾ। ਕੀਰਤਨ ਅਨੰਦ ਅਤੇ ਗੁਣਾਂ ਦਾ ਸਮੁੰਦਰ ਹੈ। ਹੀਰੇ ਨਾਲ ਤਸ਼ਬੀਹ ਦੇ ਕੇ ਗੁਰੂ ਜੀ ਦਰਸਾਉਣਾ ਚਾਹੁੰਦੇ ਹਨ ਕਿ ਜਿਵੇਂ ਪਦਾਰਥਕ ਦੁਨੀਆਂ ਵਿਚ ਹੀਰਾ ਸਭ ਤੋਂ ਉੱਚੀ ਤੇ ਕੀਮਤੀ ਵਸਤੂ ਹੈ ਇਸੇ ਤਰ੍ਹਾਂ ਕੀਰਤਨ ਪ੍ਰਮਾਰਥਕ ਦੁਨੀਆਂ ਦੀ ਸਭ ਤੋਂ ਕੀਮਤੀ ਕਿਰਿਆ ਹੈ। ਕੀਰਤਨ ਨੂੰ ਹੀਰਾ ਦੱਸਣ ਸੰਬੰਧੀ ਇਕ ਹੋਰ ਭੇਦ ਵੀ ਜਾਪਦਾ ਹੈ। ਗੁਰਬਾਣੀ ਵਿਚ ਮਨ ਅਤੇ ਮਨੁੱਖੀ ਜਨਮ ਨੂੰ ਵੀ ਹੀਰਾ ਕਿਹਾ ਗਿਆ ਹੈ। ਜੋ ਕਿਸੇ ਹੀਰੇ ਨੂੰ ਆਪਣੇ ਪਿਆਰੇ ਦੇ ਗਲ ਦਾ ਹਾਰ ਬਣਾਉਣਾ ਹੋਵੇ ਤਾਂ ਉਸਨੂੰ ਤਰਾਸ਼ਣਾ ਅਤੇ ਉਸ ਵਿਚੋਂ ਛੇਕ ਵੀ ਹੀਰੇ ਨਾਲ ਬਣੇ ਯੰਤਰਾਂ ਰਾਹੀਂ ਕਰਨਾ ਪੈਂਦਾ ਹੈ। ਇਸ ਲਈ ਮਨ ਰੂਪੀ ਹੀਰੇ ਨੂੰ ਵਿੰਨ੍ਹਣ ਲਈ ਕੀਰਤਨ ਰੂਪੀ ਹੀਰਾ ਹੀ ਕਾਰਗਰ ਸਾਧਨ ਸਾਬਤ ਹੋ ਸਕਦਾ ਹੈ। ਕੀਰਤਨ ਰਾਹੀਂ ਮਨ ਵਿਨ੍ਹਿਆ ਜਾਂਦਾ ਹੈ।

ਗੁਰਬਾਣੀ ਵਿਚ ਕੀਰਤਨ ਦੇ ਬਾਕੀ ਸਾਰੇ ਕਰਮਾਂ ਨਾਲੋਂ ਕੀਰਤਨ ਦੀ ਪ੍ਰਧਾਨਤਾ ਦੱਸੀ ਗਈ ਹੈ।

ਕਲਿਜੁਗ ਮਹਿ ਕੀਰਤਨ ਪਰਧਾਨਾ।<br>
ਗਰਮੁਖ ਜਪੀਐ ਲਾਇ ਧਿਆਨਾ।<br>
ਆਪ ਤਰੈ ਸਗਲੇ ਕੁਲ ਤਾਰੇ ਹਰਿ ਦਰਗਹ ਪਤਿ ਸਿਉ ਜਾਇਦਾ।

ਪੰਨਾ 1075

ਅਰਥਾਤ : ਕਲਜੁਗ ਵਿਚ ਕੀਰਤਨ ਹੀ ਪਰਧਾਨ ਕਰਮ ਹੈ। ਉਂਜ ਤਾਂ ਸਦਾ ਹੀ ਗੁਰੂ ਦੀ ਸਰਨ ਪੈ ਕੇ, ਸੁਰਤ ਜੋੜ ਕੇ ਪਰਮਾਤਮਾ ਦਾ ਨਾਮ ਜਪਦਾ ਹੈ ਉਹ ਆਪ ਵੀ ਸੰਸਾਰ ਸਾਗਰ ਤੋਂ ਤਰ ਜਾਂਦਾ ਹੈ ਅਤੇ ਆਪਣੀਆਂ ਕਲਾ ਨੂੰ ਪਾਰ ਲੰਘਾ ਜਾਂਦਾ ਹੈ ਪਰਮਤਾਮਾ ਦੀ ਹਜੂਰੀ ਵਿਚ ਇੱਜ਼ਤ ਪ੍ਰਾਪਤ ਕਰਦਾ ਹੈ।

ਧਾਰਮਿਕ ਦੁਨੀਆਂ ਦੇ ਬਾਕੀ ਕਰਮ ਕਾਂਡਾਂ ਜਿਵੇਂ ਪਾਠ ਕਰਨਾ, ਤਪ ਕਰਨਾ, ਯੋਗ, ਸਾਧਨਾਂ ਆਦਿ ਤੋਂ ਕੀਰਤਨ ਉਚੇਰਾ ਹੈ। ਗਉੜੀ ਰਾਗ ਅੰਦਰ ਗੁਰਬਾਣੀ ਦਾ ਫੁਰਮਾਨ ਹੈ:

ਹੋਮ ਜਬ ਤੀਰਥ ਕੀਏ ਬਿਚਿ ਹਉਮੈਂ ਬਧੇ ਬਿਕਾਰ।<br>
ਨਰਕ ਸੁਰਗ ਦੁਇ ਭੁੰਚਨਾ ਹੋਇ ਬਹੁਰਿ ਬਹੁਰਿ ਅਵਤਾਰ।<br>
ਸਿਵਪੁਰੀ ਬ੍ਰਹਮ ਇੰਦ੍ਰਪੁਰੀ ਨਿਹਚਲੁ ਕੋ ਥਾਉ ਨਾਹਿ।<br>
ਬਿਨੁ ਹਰਿ ਸੇਵਾ ਸੁਖੁ ਨਹੀਂ ਹੋ ਸਾਕਤ ਆਵਿਹ ਜਾਹਿ।

ਜੇਸੋ ਗੁਰ ਉਪਦੇਸਿਆ ਮੈਂ ਤੈਸੋ ਕਹਿਆ ਪੁਕਾਰਿ।

ਨਾਨਕ ਕਹੈ ਸੁਣ ਰੇ ਮਨਾ ਕਰਿ ਕੀਰਤਨ ਹੋਇ ਉਧਾਰ।

ਗਉੜੀ ਮਹਲਾ ਪੰਜਵਾ, ਪੰਨਾ 214

ਇਸ ਪਾਵਨ ਵਾਕ ਦੀ ਵਿਆਖਿਆ ਭਾਈ ਵੀਰ ਸਿੰਘ ਜੀ ਇਸ ਤਰ੍ਹਾਂ ਕਰਦੇ ਹਨ ਕਿ ਸਤਿਗੁਰ ਗੁਰਬਾਣੀ ਰਾਹੀਂ ਕਿਸੇ ਸਿੱਖਿਆ ਲੈਣ ਆਏ ਨੂੰ ਉਪਦੇਸ਼ ਕਰ ਰਹੇ ਹਨ ਉਹ ਜਗਿਆਸੂ ਕਰਮ ਕਾਂਡ ਦੇ ਕਰਮਾਂ ਵਿਚ, ਜਿਵੇਂ ਤੀਰਥ, ਹੋਮ ਦੇ ਜੱਗ ਆਦਿ ਵਿਚ ਭਰੋਸਾ ਰਖਦਾ ਹੈ। ਉਸਨੂੰ ਆਖਦੇ ਹਨ, ਕਰਮਾਂ ਦੇ ਕਰਨ ਵਿਚ ਹਉਮੈਂ ਵਧਦੀ ਹੈ:-

ਕਰਤ ਕਰਤ ਬਧੇ ਅਹੰਮੇਵ (ਗਉੜੀ ਕਬੀਰ ਜੀ)

ਅਰਥਾਤ : ਤੀਰਥ ਇਸ਼ਨਾਨ ਆਦਿ ਕਰਮ ਕਾਂਡ ਜੋ ਧਾਰਮਿਕ ਵਿਖਾਵੇ ਦੇ ਕੰਮ ਹਨ ਇਹਨਾਂ ਨੂੰ ਜਮ ਰਾਹ ਵਿਚ ਲੁੱਟ ਲੈਂਦੇ ਹਨ ਇਸ ਲਈ ਵਾਸਨਾ-ਰਹਿਤ ਹੋ ਕੇ ਕਰਤਾਰ ਦਾ ਕੀਰਤਨ ਗਾਵਹੁ ਇਸ ਤਰ੍ਹਾਂ ਛਿਨ ਭਰ ਸਿਮਰਨ ਕਰਨ ਨਾਲ ਹੀ ਮਨੁੱਖੀ ਵਿਕਾਰਾਂ ਤੋਂ ਛੁਟਕਾਰਾ ਪ੍ਰਾਪਤ ਹੋ ਜਾਂਦਾ ਹੈ।

ਭਏ ਦਇਆਲ ਕ੍ਰਿਪਾਲ ਸੰਤ ਜਨ, ਤਬ ਇਹ ਬਾਤ ਬਤਾਈ

ਸਰਬ ਧਰਮ ਮਾਨੋ ਤਿਹ ਕੀਏ ਜਿਹ ਪ੍ਰਭ ਕੀਰਤਿ ਗਾਈ।

ਰਾਮਕਲੀ ਮਹਲਾ ਨੌਵਾ ਪੰਨਾ 9●2

ਜਦੋਂ ਸੰਤ ਜਨ ਕਿਸੇ ਭਾਗਾਂ ਵਾਲੇ ਉੱਤੇ ਦਇਆਲ ਹੁੰਦੇ। ਹਨ ਕਿਰਪਾਲ ਹੁੰਦੇ ਹਨ, ਤਦੋਂ ਉਹ ਉਸ ਮਨੁੱਖ ਨੂੰ ਇਹ ਗੱਲ ਦਸਦੇ ਹਨ- ਇਸ ਮਨੁੱਖ ਨੇ ਪਰਮਾਤਮਾ ਦੀ ਸਿਰਫ ਸਲਾਹ ਦਾ ਕੀਰਤਨ ਗਾਉਣਾ ਸ਼ੁਰੂ ਕਰ ਦਿੱਤਾ ਇਉਂ ਸਮਝ ਲਵੋ ਉਸਨੇ ਸਾਰੇ ਹੀ ਧਾਰਮਿਕ ਕੰਮ ਕਰ ਲਏ।

ਗੁਰਬਾਣੀ ਵਿਚ ਕੀਰਤਨ ਦੀ ਮਹੱਤਤਾ ਬਾਰੇ ਅਨੇਕਾਂ ਪਾਵਨ ਬਚਨ ਉਚਾਰ ਹਨ:

ਹਰਿ ਕੀਰਤਨ ਸੁਣਿ ਹਰਿ ਕੀਰਤਨ ਗਾਵੈ।

ਤਿਸੁ ਜਨ ਦਖੁ ਨਿਕਟਿ ਨਹੀਂ ਆਵੇ।

(ਗਉੜੀ ਮਹਲਾ ਪੰਜਵਾਂ, ਪੰਨਾ 19●)

ਜੋ ਹਰੀ ਦਾ ਕੀਰਤਨ ਸੁਣੇ ਤੇ ਹਰੀ ਦਾ ਕੀਰਤਨ ਗਾਵੇ, ਉਸ ਜਨ ਦੇ ਨੇੜੇ ਦੁੱਖ ਨਹੀਂ ਆਉਂਦਾ।

ਗੁਰੂ ਕਿਰਪਾਲ ਕ੍ਰਿਪਾ ਪ੍ਰਭਿ ਧਾਰੀ ਬਿਨਸੇ ਸਰਬ ਅੰਦੇਸਾ

ਨਾਨਕ ਸੁੱਖ ਪਾਇਆ ਹਰਿ ਕੀਰਤਨਿ ਮਿਟਿਓ ਸਗਲ ਕਲੇਸਾ

(ਗਉੜੀ ਮਹਲਾ ਪੰਜ, ਮਹਲਾ 213)

ਅਰਥਾਤ ਕਿਪਾਲ ਗੁਰੂ ਨੇ ਮੇਰੇ ਤੇ ਕ੍ਰਿਪਾ ਕੀਤੀ ਤਾਂ ਪ੍ਰਭੂ ਨੇ ਕਿਰਪਾ ਕੀਤੀ ਫਿਰ ਸਾਰੇ ਤੌਖਲੇ ਦੂਰ ਹੋ ਗਏ। ਹਰੀ ਕੀਰਤਨ ਨਾਲ ਹੀ ਸਾਰਾ ਸੁੱਖ ਪ੍ਰਾਪਤ ਹੋਇਆ ਤੇ ਸਾਰੇ ਕਸ਼ਟ ਨਿਰਵਿਤ ਹੋਏ ਹਨ।

ਰਾਜ ਜੋਬਨ ਬਸਰੰਤ ਹਰਿ ਮਾਇਆ ਮਹਾਂ ਦੁਖ ਏਹੁ ਮਹਾਂਤ ਕਹੇ।

ਆਸ ਪਿਆਸ ਰਮਣ ਹਰਿ ਕੀਰਤਨ ਏਹੁ ਪਦਾਰਥ ਭਾਗਵੰਤ ਲਹੇ।

(ਧਨਾਸਰੀ ਮਹਲਾ ਪੰਜਵਾ, ਪੰਨਾ 683)

ਰਾਜ ਅਤੇ ਜਵਾਨੀ ਦੇ ਹੁਲਾਰੇ ਪਰਮਾਤਮਾ ਦਾ ਨਾਮ ਭੁਲਾ ਦੇਂਦੇ ਹਨ। ਮਾਇਆ ਦਾ ਮੋਹ ਵੱਡਾ ਦੁੱਖ ਦਾ ਮੂਲ ਹੈ। ਇਹ ਗੱਲ ਮਹਾਂ ਪੁਰਖ ਦੱਸਦੇ ਹਨ। ਪਰਮਾਤਮਾ ਦਾ ਕੀਰਤਨ, ਆਸ ਅਤੇ ਤਾਂਘ ਇਹ ਕੀਮਤੀ ਚੀਜ਼ ਕੋਈ ਵਿਰਲਾ ਭਾਗਾਂ ਵਾਲਾ ਮਨੁੱਖ ਪ੍ਰਾਪਤ ਕਰਦਾ ਹੈ।

ਅਨਿਕ ਪ੍ਰਕਾਰੀ ਵਸਤ੍ਰ ਉਢਾਏ।

ਅਨ ਦਿਨ ਕੀਰਤਨੁ ਹਰਿ ਗੁਣ ਗਾਏ।

(ਧਨਾਸਰੀ ਮਹਲਾ 5, ਪੰਨਾ 684)

ਜਿਹੜਾ ਮਨੁੱਖ ਹਰ ਵੇਲੇ ਕੀਰਤਨ ਰਾਹੀਂ ਪ੍ਰਮਾਤਮਾ ਦੇ ਗੁਣ ਗਾਉਂਦਾ ਹੈ ਉਸ ਨੇ ਮਾਨੋ ਭਾਂਤ-ਭਾਂਤ ਦੇ ਕੱਪੜੇ ਪਹਿਨੇ ਹੋਏ ਹਨ ਅਤੇ ਉਹ ਇਹਨਾਂ ਦਾ ਅਨੰਦ ਮਾਣ ਰਿਹਾ ਹੈ।

ਅਨੰਦ ਸੁੱਖ ਬਿਸ੍ਰਾਮ ਨਿਤ ਹਰਿ ਦਾ ਕੀਰਤਨ ਗਾਇ॥

(ਵਾਰ ਰਾਮਕਲੀ ਮਹਲਾ ਪੰਜਵਾ, ਪੰਨਾ 962)

ਪਰਮਾਤਮਾ ਦਾ ਕੀਰਤਨ ਗਾਉਣ ਨਾਲ ਸਦਾ ਆਨੰਦ ਸਦਾ ਸੁੱਖ ਤੇ ਸਦਾ ਸ਼ਾਂਤੀ ਬਣੀ ਰਹਿੰਦੀ ਹੈ।

ਰੋਗ ਸੋਗ ਦੁਖ ਤਿਸੁ ਨਾਹੀਂ।

ਸਾਧ ਸੰਗਿ ਹਰਿ ਕੀਰਤਨੁ ਗਾਹੀ।

ਅਰਥਾਤ ਉਸ ਮਨੁੱਖ ਨੂੰ ਕੋਈ ਰੋਗ ਸੋਗ ਦੁਖ ਪੋਹ ਨਹੀਂ ਸਕਦੇ ਜਿਹੜੇ ਗੁਰੂ ਦੀ ਸੰਗਤ ਵਿਚ ਪ੍ਰਮਾਤਮਾ ਦਾ ਕੀਰਤਨ ਕਰਦੇ ਹਨ:

ਦਿਨਸੁ ਰੈਨਿ ਹਰਿ ਕੀਰਤਨੁ ਗਾਈਐ।

ਸੋ ਜਨੁ ਜਮ ਕੀ ਵਾਟ ਨਾ ਪਾਈਐ।

ਅਰਥਾਤ : ਦਿਨ ਰਾਤ ਪ੍ਰਮਾਤਮਾ ਦੀ ਸਿਫਤ ਸਲਾਹ ਦਾ ਕੀਰਤਨ ਗਾਉਂਦੇ ਰਹਿਣਾ ਚਾਹੀਦਾ ਹੈ। ਜਿਹੜਾ ਵਿਅਕਤੀ ਇਹ ਕੰਮ ਕਰਦਾ ਹੈ ਜ਼ਿੰਦਗੀ ਦੇ ਸਫਰ ਵਿਚ ਆਤਮਕ ਮੌਤ ਉਸਦੇ ਨੇੜੇ ਨਹੀਂ ਢੁੱਕਦੀ।

ਕੀਰਤਨ ਨਾਲ ਸੰਬੰਧਤ ਸਥਾਨ ਦੀ ਮਹੱਤਤਾ ਬਾਰੇ ਗੁਰਬਾਣੀ ਵਿਚ ਫੁਰਮਾਇਆ ਹੈ:

ਸੋ ਅਸਥਾਨ ਬਤਾਵਹੁ ਮੀਤਾ।
ਜਾ ਕੇ ਹਰਿ ਹਰਿ ਕੀਰਤਨ ਨੀਤਾ।
....
ਸਾਧ ਸੰਗਿ ਹਰਿ ਕੀਰਤਨੁ ਗਾਈਐ।
ਇਹੁ ਅਸਥਾਨੁ ਗੁਰੂ ਤੇ ਪਾਈਐ।
(ਆਸਾ ਮਹਲਾ ਪੰਜਵਾ, ਪੰਨਾ 385)

ਹੇ ਮਿਤ੍ਰ! ਉਹ ਕੋਈ ਟਿਕਾਣਾ ਦੱਸੋ ਜਿੱਥੇ ਕਿ ਹਰਿ ਹਰਿ ਤੇ ਉਸਦਾ ਕੀਰਤਨ ਸਦਾ ਹੁੰਦਾ ਹੋਵੇ। - ਸਾਧੂ ਦੇ ਸੰਗ ਵਿਚ ਹਰੀ ਦਾ ਕੀਰਤਨ ਗਾਵੀਏ ਇਹ ਟਿਕਾਣਾ ਗੁਰੂ ਤੋਂ ਪਾਈਦਾ ਹੈ।

ਜਹ ਸਾਧੂ ਗੋਬਿੰਦ ਭਜਨੁ ਕੀਰਤਨੁ ਨਾਨਕ ਨੀਤ।
ਣਾ ਹਉ ਣਾ ਤੂੰ ਣਹ ਛੁਟਹਿ ਨਿਕਟਿ ਕ ਜਾਈਅਹੁ ਦੂਤ।

ਜਮਦੂਤਾਂ ਨੂੰ ਧਰਮ ਰਾਜ ਆਖਦਾ ਹੈ ਜਿੱਥੇ ਸਾਧੂ ਜਨ ਹੋਵੇ, ਪ੍ਰਮੇਸ਼ਰ ਦਾ ਭਜਨ ਹੁੰਦਾ ਹੋਵੇ ਅਤੇ ਪਰਮੇਸ਼ਰ ਦਾ ਕੀਰਤਨ ਨਿੱਤ ਹੁੰਦਾ ਹੋਵੇ ਹੈ ਦੂਤ ਉਥੇ ਨੇੜੇ ਨਾ ਜਾਈਂ ਜੇ ਗਿਆ ਤਾਂ ਨਾ ਮੈਂ ਨਾ ਤੂੰ ਕਦਾਚਿਤ ਛੁਟ ਨਹੀਂ ਸਕਾਂਗੇ ਭਾਵ ਇਹ ਅਪਰਾਧ ਹੋਵੇਗਾ ਜਿਸ ਕਰਕੇ ਸਾਨੂੰ ਸਜ਼ਾ ਮਿਲੇਗੀ।

ਸੁਣਿ ਬੇਨਤੀ ਸੁਆਮੀ ਅਪੁਨੇ, ਨਾਨਕ ਇਹ ਸੁਖੁ ਮਾਗੈ।
ਜਹ ਕੀਰਤਨ ਤੇਰਾ ਸਾਧੂ ਗਾਵਹਿ ਤਹ ਮੇਰਾ ਮਨੁ ਲਾਗੇ।
(ਸੋਰਠ ਮਹਲਾ ਪੰਜਵਾ, ਪੰਨਾ 310)

ਹੇ ਮੇਰੇ ਸੁਆਮੀ ਮੇਰੀ ਬੇਨਤੀ ਸੁਣ ਮੈਂ (ਨਾਨਕ) ਇਹੋ ਮੰਗ ਮੰਗਦਾ ਹਾਂ ਕਿ ਜਿੱਥੇ ਤੇਰੇ ਸਾਧੂ ਤੇਰੇ ਕੀਰਤਨ ਗਾਉਂਦੇ ਹੋਣ ਉਥੇ ਮੇਰਾ ਮਨ ਲਗਿ ਜਾਵੇ।

ਤਹ ਬੇਕੁੰਠ ਜਹ ਕੀਰਤਨ ਤੇਰਾ ਤੂੰ ਆਪੇ ਸਰਧਾ ਲਾਇ।
(ਸੂਹੀ ਮਹਲਾ ਪੰਜਵਾ, ਪੰਨਾ 749)

ਹੇ ਪ੍ਰਭੂ! ਜਿਸ ਥਾਂ ਤੇਰਾ ਕੀਰਤਨ ਹੋ ਰਿਹਾ ਹੋਵੇ ਮੇਰੇ ਵਾਸਤੇ ਉਹ ਥਾਂ ਬੈਕੁੰਠ ਹੈ ਤੂੰ ਆਪੇ ਹੀ ਕੀਰਤਨ ਦੀ ਸ਼ਰਧਾ ਸਾਡੇ ਅੰਦਰ ਪੈਦਾ ਕਰਦਾ ਹੈ।

ਗੁਰਦੁਆਰੇ ਹਰਿ ਕੀਰਤਨ ਸੁਣੀਐ।
ਸਤਿਗੁਰੁ ਭੇਟਿ ਹਰ ਜਿਸ ਮੁਖਿ ਭਣੈ ਐ।
(ਮਾਰੂ ਸੋਹਲੇ ਮਹਲਾ ਪੰਜਵਾ, ਮਹਲਾ 1074)

ਗੁਰੂ ਦੇ ਦਰ ਤੇ ਰਹਿ ਕੇ ਪ੍ਰਮਾਤਮਾ ਦਾ ਕੀਰਤਨ ਸੁਣਨਾ ਚਾਹੀਦਾ ਹੈ। ਹਰੀ ਦਾ ਜਸ ਮੂੰਹੋਂ ਉਚਾਰਨਾ ਚਾਹੀਦਾ ਹੈ ਜਿਸ ਨੂੰ ਗੁਰੂ ਮਿਲ ਪੈਂਦਾ ਹੈ ਉਹ ਮਨੁੱਖ ਸਦਾ ਇਹ ਉੱਦਮ ਕਰਦਾ ਹੈ।

ਕੀਰਤਨ ਕਰਨ ਵਾਲਾ ਬਿਨਾ ਕਿਸੇ ਲਾਲਚ ਅਤੇ ਪਖੰਡ ਦੇ ਕੀਰਤਨ ਗਾਵੇ। ਗੁਰਬਾਣੀ ਦਾ ਫੁਰਮਾਨ ਹੈ:

ਇਕਿ ਗਾਵਤ ਰਹੇ ਮਨਿ ਸਾਦ ਨਾ ਪਾਇ।
ਹਉਮੈਂ ਵਿਚਿ ਗਾਵਹਿ ਬਿਰਥਾ ਜਾਇ।
ਗਾਵਣਿ ਗਾਵਣਿ ਜਿਨ ਨਾਮ ਪਿਆਰ।
ਸਾਚੀ ਬਾਣੀ ਸਬਦ ਬੀਚਾਰੁ
(ਗਉੜੀ ਗੁਆਰੇਰੀ ਮਹਲਾ ਤੀਜਾ, ਪੰਨਾ 158)

ਇਕ ਪੁਰਖ ਹਰੀ ਦੀ ਕੀਰਤੀ ਗਾਉਂਦੇ ਤਾਂ ਰਹਿੰਦੇ ਹਨ ਪਰ ਮਨ ਵਿਚ ਸੁਆਦ ਨਹੀਂ ਮਾਣਦੇ। ਉਹ ਹਉਮੈ ਵਿਚ ਹੋ ਕੇ ਗਾਉਂਦੇ ਹਨ ਇਸ ਕਰਕੇ ਉਹਨਾਂ ਦਾ ਗਾਉਣਾ ਵਿਅਰਥ ਹੋ ਜਾਂਦਾ ਹੈ। ਅਸਲ ਗਾਉਣਾ ਉਹ ਪੁਰਖ ਗਾਉਂਦੇ ਹਨ ਜਿਹਨਾਂ ਦਾ ਹਰੀ ਨਾਮ ਨਾਲ ਪਿਆਰ ਹੁੰਦਾ ਹੈ, ਜੋ ਸੱਚੀ ਬਾਣੀ ਗਾਉਂਦੇ ਹਨ ਤੇ ਗੁਰ ਸ਼ੁਦ ਦਾ ਵਿਚਾਰ ਕਰਦੇ ਹਨ।

ਭਲੋ ਭਲੋ ਰੇ ਕੀਰਤਨੀਆ।
ਰਾਮ ਰਮਾ ਰਾਮਾ ਗੁਨ ਗਾਓ।
ਛੋਡਿ ਮਾਇਆ ਕੇ ਧੰਧ ਸੁਆਓ।
(ਰਾਮਕਲੀ ਮਹਲਾ ਪੰਜਵਾਂ, ਪੰਨਾ 885)

ਹੇ ਭਾਈ ਜਿਹੜਾ ਮਨੁੱਖ ਮਾਇਆ ਦੇ ਧੰਦੇ ਅਤੇ ਲਾਲਚ ਛੰਡ ਕੇ ਕੀਰਤਨ ਕਰਦਾ ਹੈ ਉਹ ਚੰਗਾ ਕੀਰਤਨ ਕਰਨ ਵਾਲਾ ਹੈ:

ਕੋਈ ਗਾਵੈ ਰਾਗੀ ਨਾਦੀ ਬੇਦੀ ਬਹੁ ਭਾਂਤ ਕਰਿ,
ਨਹੀਂ ਹਰਿ ਹਰਿ ਭੀਜੈ ਰਾਮ ਰਾਜੈ।
ਜਿਨਾ ਅੰਤਿਰ ਕਪਟੁ ਵਿਕਾਰੁ ਹੈ,
ਤਿਨਾ ਰੋਇ ਕਿਆ ਕੀਜੈ।
ਹਰਿ ਰੋਇ ਕਿਆ ਕੀਜੈ।
ਹਰਿ ਕਰਤਾ ਸਭੁ ਕਿਛੁ ਜਾਣਦਾ
ਸਿਰਿ ਰੰਗ ਹਥ ਦੀਜੈ।
ਜਿਨਾ ਨਾਨਕ ਗੁਰਮੁਖਿ ਹਿਰਦਾ ਸ਼ੁਧ ਹੈ,
ਹਰਿ ਭਗਤਿ ਹਰਿ ਲੀਜੈ।

ਹੇ ਰਾਮਰਾਜੇ, ਕੋਈ ਰਾਗਾਂ ਨਾਲ ਗਾ ਕੇ ਤੈਨੂੰ ਗਾਉਂਦਾ ਹੈ, ਕੋਈ ਮੂੰਹ ਤੇ ਹੱਥਾਂ ਨਾਲ ਵੱਜਣ ਵਾਲੇ ਵਾਜਿਆਂ ਦੀ ਆਵਾਜ਼ ਨਾਲ ਮੇਲ ਕੇ ਗਾਉਂਦਾ ਹੈ, ਕੋਈ ਵੇਦਾਂ ਧਰਮ ਪੁਸਤਕਾਂ ਦੇਅਰਥ ਭਾਵ ਆਦਿ ਵਰਣਨ ਕਰਕੇ ਅਤ ਵੇਦ ਧੁਨਾ ਪੈਦਾ ਕਰਕੇ ਤੈਨੂੰ ਗਾਉਂਦਾ ਹੈ, ਹੋਰ ਕਈ ਕਿਸਮਾਂ ਦੇ ਤਰੀਕਿਆਂ ਨਾਲ ਤੈਨੂੰ ਗਾਉਂਦਾ ਹੈ ਪਰ ਹਰਿ ਹਰਿ ਸੁਣਕੇ ਪਸੀਜਦਾ ਨਹੀਂ ਕਿਉਂਕਿ ਜਿਹਨਾਂ ਦੇ ਅੰਦਰ ਕਪਟ ਛਲ ਹੈ ਤੇ ਬਦੀ ਹੈ ਉਹਨਾਂ ਉਪਰਾਲੇ ਦਿਲੋਂ ਰੋਣ ਨੂੰ ਕੀ ਕੀਤਾ ਜਾਵੇ

ਭਾਵ ਉਸਦਾ ਕੋਈ ਮੂਲ ਨਹੀਂ ਪੈਂਦਾ ਕਿਉਂਕਿ ਜੇ ਕਿਸੇ ਦੇ ਰੋਗ ਦੇ ਸਿਰ ਤੇ ਹੱਥ ਧਰੀਏ ਭਾਵ ਉਸਨੂੰ ਲੁਕਾਈਏ ਤਾਂ ਰੋਗ ਵੈਦ ਤੋਂ ਨਹੀਂ ਲੁਕਦਾ ਹਰੀ ਕਰਤਾ ਸਭ ਜਾਣਦਾ ਹੈ। ਪਰ ਹੇ ਨਾਨਕ, ਜਿਨਾਂ ਦਾ ਹਿਰਦਾ ਗੁਰੂ ਦੁਆਰਾ ਸ਼ੁੱਧ ਹੈ ਉਹਨਾਂ ਨੂੰ ਹਰੀ ਭਗਤੀ ਦੁਆਰਾ ਹਰੀ ਮਿਲਦਾ ਹੈ ਤੇ ਉਹ ਗੁਰਮੁੱਖ ਹੋ ਜਾਂਦੇ ਹਨ।

ਗੁਰੂ ਅਮਰਦਾਸ ਜੀ ਆਪਣੇ ਜੋਤਿ ਜੋਤ ਸਮਾਉਣ ਤੋਂ ਪਿੱਛੋਂ ਵੀ ਹੋਰ ਧਰਮ ਕਾਂਡ ਅਤੇ ਰੋਣ-ਧੋਣ ਦੀ ਬਜਾਇ ਕੀਰਤਨ ਦਾ ਉਪਦੇਸ਼ ਦਿੰਦੇ ਹਨ :

ਮੈਂ ਪਿੱਛੇ ਕੀਰਤਨ ਕਰਿਅਹੁ ਨਿਰਬਾਣੀ ਜੀਉ।
(ਰਾਮਕਲੀ ਸਦ, ਸੁੰਦਰ ਜੀ, ਪੰਨਾ 293)

ਕੀਰਤਨ ਦੀ ਮਹੱਤਤਾ ਬਾਰੇ ਕੁਝ ਗੁਰੂ ਵਾਕ ਇਸ ਪ੍ਰਕਾਰ ਹਨ:

ਖੁੱਲ੍ਹਿਆ ਕਰਮੁ ਕ੍ਰਿਪਾ ਭਈ ਠਾਕੁਰ ਕੀਰਤਨ ਹਰਿ ਹਰਿ ਗਾਈ।
(ਮਾਰੂ ਮਹਲਾ 5, ਪੰਨਾ 1●●●)

ਜਾਗਨਾ ਜਾਗਨ ਨੀਕਾ ਹਰਿ ਕੀਰਤਨ ਮਹਿ ਜਾਗਨਾ।
(ਮਾਰੂ-ਮਹਲਾ 5, ਪੰਨਾ 1●15)

ਐਸਾ ਕੀਰਤਨ ਕਰਿ ਮਨ ਮੇਰੇ।
ਈਹਾ ਉਹਾ ਜੋ ਕਾਮਿ ਤੇਰੇ।
(ਗਉੜੀ ਮਹਲਾ 5, ਪੰਨਾ 236)

ਰਾਜ ਮਾਲੁ ਜੰਜਾਲੁ ਕਾਜਿ ਨਾ ਕਿਤੈ ਗਨੋ।
ਹਰਿ ਕੀਰਤਨ ਆਧਾਰੁ ਨਿਹਬਲੁ ਏਹੁ ਧਨੋ।
(ਆਸਾ ਮਹਲਾ 5, ਪੰਨਾ 398)

ਗ੍ਰਿਹਿ ਤਾਂ ਕੇ ਬਸੰਤ ਗਨੀ।
ਜਾ ਕੇ ਕੀਰਤਨ ਹਰਿ ਧੁਨੀ।
(ਬਸੰਤ ਮਹਲਾ 5, ਪੰਨਾ 118●)

**Now you can read Amrit Kirtan**
**& Download Kirtan of Dr. Jagir Singh from**
**www.amritkirtan.com**

**Send this information to your friends**




# ਭਾਰਤੀ ਸੰਗੀਤ ਸਬੰਧੀ ਪ੍ਰਕਾਸ਼ਨ ਖੇਤਰ ਵਿੱਚ ਪੰਜਾਬੀ ਯੂਨੀਵਰਸਿਟੀ ਪਟਿਆਲਾ ਦਾ ਯੋਗਦਾਨ


## ਰਿਸ਼ਪਾਲ ਸਿੰਘ

ਐਮ.ਏ., ਐਮ.ਫ਼ਿਲ, ਨੈੱਟ


ਪੰਜਾਬ ਦੇ ਵਿਦਵਾਨ ਸੰਗੀਤਕਾਰਾਂ ਨੇ ਸੰਗੀਤ ਦੇ ਸਿਧਾਂਤਿਕ ਅਤੇ ਕਿਰਿਆਤਮਕ ਪੱਖ ਲਈ ਅਨੇਕ ਯਤਨ ਕੀਤੇ। ਕਿਰਿਆਤਮਕ ਪੱਖ ਦੇ ਨਾਲ-ਨਾਲ ਜੇਕਰ ਸਿਧਾਂਤਿਕ ਪੱਖ ਦੀ ਗੱਲ ਕਰੀਏ ਤਾਂ ਸਾਰੇ ਪੰਜਾਬ ਪ੍ਰਾਂਤ ਵਿੱਚ ਪਟਿਆਲਾ ਖੇਤਰ ਦਾ ਨਾਮ ਆਪਣਾ ਵਿਸ਼ੇਸ਼ ਸਥਾਨ ਰਖਦਾ ਹੈ। ਇਸ ਧਰਤੀ ਨੇ ਭਾਰਤੀ ਸੰਗੀਤ ਨੂੰ ਉਘੇ ਕਲਾਕਾਰ ਤਾਂ ਦਿਤੇ ਹੀ, ਨਾਲ ਹੀ ਇਸ ਧਰਤੀ ਤੇ ਭਾਰਤੀ ਸੰਗੀਤ ਦੀਆਂ ਸਮੁੱਚੀਆਂ ਗਾਇਨ ਅਤੇ ਵਾਦਨ ਸ਼ੈਲੀਆਂ ਦੇ ਸ਼ਾਸਤਰ ਅਤੇ ਇਤਿਹਾਸ ਨਾਲ ਸਬੰਧੀ ਪੁਸਤਕਾਂ ਦਾ ਪ੍ਰਕਾਸ਼ਨ ਹੋਇਆ ਜਿਸ ਨਾਲ ਭਾਰਤੀ ਸੰਗੀਤ ਯੁੱਗਾਂ ਤਕ ਆਪਣਾ ਅਸਤਿਤਵ ਸੰਭਾਲ ਕੇ ਰੱਖਣ ਵਿੱਚ ਕਾਮਯਾਬ ਰਹੇਗਾ। ਪਟਿਆਲਾ ਦੇ ਹੋਰ ਪ੍ਰਕਾਸ਼ਨ ਆਦਰਿਆਂ ਦੇ ਨਾਲ-ਨਾਲ ਇਸ ਕਾਰਜ ਵਿੱਚ ਪੰਜਾਬੀ ਯੂਨੀਵਰਸਿਟੀ, ਪਟਿਆਲਾ ਨੇ ਮਹੱਤਵਪੂਰਨ ਯੋਗਦਾਨ ਪਾਇਆ ਹੈ।

ਪੰਜਾਬੀ ਯੂਨੀਵਰਸਿਟੀ ਪਟਿਆਲਾ ਦੀ ਸਥਾਪਨਾ 1961 ਦੇ ਐਕਟ ਨੰਃ 35 ਦੇ ਤਹਿਤ ਕੀਤੀ ਗਈ। ਇਸ ਐਕਟ ਦਾ ਮੁੱਖ ਮੰਤਵ ਪੰਜਾਬੀ ਭਾਸ਼ਾ ਅਤੇ ਪੰਜਾਬੀ ਅਧਿਐਨ ਦੀ ਉਨਤੀ ਲਈ 'ਸਿਖਿਆ

ਅਤੇ ਦੀਖਿਆ' ਦੇ ਮਾਧਿਅਮ ਦੇ ਤੌਰ ਤੇ ਪੰਜਾਬੀ ਭਾਸ਼ਾ ਦੇ ਵਿਕਾਸ ਲਈ ਜਾਂ ਹੋਰ ਸੂਰਤ ਵਿੱਚ ਮਾਨਵਕੀ ਅਤੇ ਵਿਗਿਆਨਿਕ ਵਿਸ਼ਿਆ ਦੀ ਸਿੱਖਿਆ ਅਤੇ ਖੋਜ ਦੀ ਉਨਤੀ ਲਈ ਇੱਕ ਯੂਨੀਵਰਸਿਟੀ ਸਥਾਪਿਤ ਅਤੇ ਨਿਗਮਤ ਕਰਨਾ ਸੀ ਜਿਸਦੀ ਪੂਰਤੀ ਲਈ ਪੰਜਾਬ ਦਾ ਐਕਟ ਨੰਃ 35 ਪਾਸ ਹੋਇਆ ਅਤੇ ਇਸ ਐਕਟ ਨੂੰ ਪੰਜਾਬੀ ਯੂਨੀਵਰਸਿਟੀ 1961 ਦਾ ਨਾਮ ਦਿਤਾ ਗਿਆ। 30 ਅਪ੍ਰੈਲ 1962 ਨੂੰ ਇਸ ਐਕਟ ਅਧੀਨ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੀ ਸਥਾਪਨਾ ਕੀਤੀ ਗਈ। ਪੰਜਾਬੀ ਯੂਨੀਵਰਸਿਟੀ ਹੈਬਰੀਓ ਯੂਨੀਵਰਸਿਟੀ ਤੋਂ ਬਾਅਦ ਦੂਸਰੀ ਯੂਨੀਵਰਸਿਟੀ ਹੈ ਜਿਸਦਾ ਨਾਮ ਕਿਸੇ ਭਾਸ਼ਾ ਦੇ ਨਾਮ ਉਪਰ ਸਥਾਪਿਤ ਹੈ। ਪੰਜਾਬੀ ਯੂਨੀਵਰਸਿਟੀ ਬੁਨਿਆਦੀ ਤੌਰ ਤੇ ਬਹੁ-ਫੈਕਲਟੀ ਅਧਿਐਨ ਅਤੇ ਖੋਜ ਵੱਜੋਂ ਆਰੰਭ ਹੋਈ ਜਿਸਦਾ ਮੂਲ ਮੰਤਵ ਪੰਜਾਬੀ ਭਾਸ਼ਾ ਅਤੇ ਸੱਭਿਆਚਾਰ ਦਾ ਵਿਕਾਸ ਰਿਹਾ ਹੈ ਪਰੰਤੂ ਰਾਜ ਦੀਆਂ ਸਮਾਜਿਕ ਅਤੇ ਵਿਦਿਅਕ ਜਰੂਰਤਾਂ ਨੂੰ ਪੂਰਦਿਆਂ ਇਹ 1969 ਤੋਂ ਸੰਬੰਧਿਤ ਕਾਲਜਾਂ ਵਾਲਾ ਰੂਪ ਧਾਰਣ ਕਰ ਗਈ ਇਸ ਸਮੇਂ ਪੰਜਾਬੀ ਯੂਨੀਵਰਸਿਟੀ ਦੇਸ਼ ਭਰ ਵਿੱਚ ਸਿਖਿਆ ਅਤੇ ਖੋਜ ਕੇਂਦਰ ਵਜੋਂ ਇਕ ਵਿਲੱਖਣ ਅਤੇ ਉਚੱਤਮ ਸੰਸਥਾ ਦਾ ਰੁਤਬਾ ਅਖਤਿਆਰ ਕਰ ਚੁੱਕੀ ਹੈ। ਪੰਜਾਬੀ ਯੂਨੀਵਰਸਿਟੀ ਪਟਿਆਲਾ ਪਿਛਲੇ ਇਕ ਦਹਾਕੇ ਵਿੱਚ NAAC (NationalAccredition & Assessment Committee) ਰਾਹੀਂ ਲਗਾਤਾਰ ਦੋ ਵਾਰ ਉਚੱਤਮ ਗਰੇਡ ਹਾਸਿਲ ਕੀਤਾ ਹੈ। ਵਰਤਮਾਨ ਸਮੇਂ ਪੰਜਾਬੀ ਯੂਨੀਵਰਸਿਟੀ NAAC ਵਲੋਂ ਪੰਜ ਸਟਾਰ (Five Star) ਸਨਮਾਨ ਪ੍ਰਾਪਤ ਸਿਖਿਆ ਕੇਂਦਰ ਹੈ। ਇਸ ਵਿੱਚ ਬਹੁਤ ਸਾਰੇ ਸਿੱਖਿਆ ਵਿਭਾਗ ਹਨ ਅਤੇ ਇਹਨਾਂ ਵਿਭਾਗਾਂ ਵਿੱਚ ਬਹੁ-ਗਿਣਤੀ ਵਿਦਿਆਰਥੀ ਸਿੱਖਿਆ ਗ੍ਰਹਿਣ ਕਰਦੇ ਹਨ ਅਤੇ ਅਨੇਕ ਖੋਜਾਰਥੀ ਵੱਖ-ਵੱਖ ਵਿਸ਼ਿਆਂ, ਕਲਾਵਾਂ, ਵਿਗਿਆਨ ਅਤੇ ਸਾਹਿਤ ਨਾਲ ਸੰਬੰਧਿਤ ਖੋਜ-ਕਾਰਜ ਕਰ ਰਹੇ ਹਨ। ਪੰਜਾਬੀ ਭਾਸ਼ਾ ਦੇ ਵਿਕਾਸ ਸੰਬੰਧੀ ਪੰਜਾਬੀ ਯੂਨੀਵਰਸਿਟੀ ਨਿਰੰਤਰ ਕਾਰਜਸ਼ੀਲ ਹੈ। ਪੰਜਾਬੀ ਭਾਸ਼ਾ ਵਿਕਾਸ ਵਿਭਾਗ ਵਿੱਚ ਸਮੁੱਚੀ ਸਮਗਰੀ ਨੂੰ ਪੰਜਾਬੀ ਭਾਸ਼ਾ ਵਿੱਚ ਪ੍ਰਕਾਸ਼ਿਤ ਕਰਨ ਲਈ ਮੌਲਿਕ ਪੁਸਤਕਾਂ ਦੀ ਰਚਨਾ, ਪੁਸਤਕਾਂ ਸੰਪਾਦਿਤ ਕਰਨਾ, ਅਨੁਵਾਦ ਕਰਨ, ਸੈਮੀਨਾਰ ਅਤੇ ਕਾਨਫਰੰਸਾ ਨੂੰ ਪੁਸਤਕਾਂ ਦੇ ਰੂਪ ਵਿੱਚ ਪ੍ਰਕਾਸ਼ਿਤ ਕਰਨਾ ਆਦਿ ਢੰਗਾਂ ਦਾ

ਪ੍ਰਯੋਗ ਕੀਤਾ ਜਾ ਰਿਹਾ ਹੈ। ਪ੍ਰਕਾਸ਼ਨ ਦਾ ਸਮੁਚਾ ਕਾਰਜ ਪੰਜਾਬੀ ਯੂਨੀਵਰਸਿਟੀ ਦੇ ਮਹੱਤਵਪੂਰਨ ਅਦਾਰੇ ਪਬਲੀਕੇਸ਼ਨ ਬਿਊਰੋ ਰਾਹੀਂ ਕੀਤਾ ਜਾਂਦਾ ਹੈ। ਪੰਜਾਬੀ ਯੂਨੀਵਰਸਿਟੀ ਨੂੰ ਸੰਗੀਤ ਵਿਸ਼ੇ ਨਾਲ ਸੰਬੰਧਿਤ ਪੰਜਾਬੀ ਭਾਸ਼ਾਈ ਸੰਗੀਤਕ ਪੁਸਤਕਾਂ ਦੀ ਰਚਨਾ ਅਤੇ ਅਨੁਵਾਦ ਵਿੱਚ ਸੰਗੀਤਾਚਾਰੀਆਂ ਪ੍ਰੋ: ਤਾਰਾ ਸਿੰਘ ਜੀ ਦੀਆਂ ਵੱਡਮੁਲੀਆਂ ਸੇਵਾਵਾਂ ਪ੍ਰਦਾਨ ਹੋਈਆਂ। ਇਹਨਾਂ ਤੋਂ ਇਲਾਵਾ ਰਾਗੀ ਅਵਤਾਰ ਸਿੰਘ, ਗੁਰਚਰਨ ਸਿੰਘ, ਕੰਵਰ ਮ੍ਰਿਗੇਂਦਰ ਸਿੰਘ, ਪੰਨਾ ਨਾਲ ਮਦਾਨ, ਸੰਕਰ ਲਾਲ ਮਿਸ਼ਰਾ, ਸ਼੍ਰੀਮਤੀ ਸੁਰਿੰਦਰ ਕਪਿਲਾ, ਪ੍ਰਿੰਸੀਪਲ ਸ਼ਮੇਸ਼ਰ ਸਿੰਘ ਕਰੀਰ, ਗੁਰਪ੍ਰਤਾਪ ਸਿੰਘ ਗਿੱਲ, ਸ਼: ਦਰਸ਼ਨ ਸਿੰਘ ਨਰੂਲਾ, ਅਨਿਲ ਨਰੂਲਾ, ਪ੍ਰੋ: ਯਸ਼ਪਾਲ ਸ਼ਰਮਾ, ਪ੍ਰੋ: ਗੁਰਨਾਮ ਸਿੰਘ, ਦਵਿੰਦਰ ਕੌਰ, ਯੋਗੇਂਦਰਪਾਲ ਸ਼ਰਮਾ, ਬਚਿੱਤਰ ਸਿੰਘ, ਸ੍ਰ: ਸੋਹਣ ਸਿੰਘ, ਗੁਰਦੀਪ ਸਿੰਘ, ਰਣਜੀਤ ਸਿੰਘ ਅਤੇ ਮਨਮੋਹਨ ਸ਼ਰਮਾਂ ਆਦਿ ਨੇ ਵੀ ਆਪਣੇ ਗਿਆਨ ਰੂਪੀ ਸਾਗਰ ਵਿੱਚੋਂ ਸੁੱਚੇ ਮੋਤੀ ਸੰਗੀਤ ਪਾਠਕਾਂ ਅਤੇ ਵਿਦਿਆਰਥੀਆਂ ਦੀ ਝੋਲੀ ਪਾਏ ਹਨ। ਪੰਜਾਬੀ ਯੂਨੀਵਰਸਿਟੀ ਵੱਲੋਂ ਸੰਗੀਤ ਦੇ ਹਰ ਇਕ ਖੇਤਰ ਨੂੰ ਮੁੱਖ ਰੱਖਕੇ ਪੁਸਤਕਾਂ ਦਾ ਪ੍ਰਕਾਸ਼ਨ ਕੀਤਾ ਜਾ ਰਿਹਾ ਹੈ। ਇਸ ਸੰਸਥਾ ਨੇ ਹੁਣ ਤਕ ਕੁਲ 49 ਪੁਸਤਕਾਂ ਦਾ ਪ੍ਰਕਾਸ਼ਨ ਕੀਤਾ ਹੈ, ਜਿਹਨਾਂ ਵਿਚ 41 ਜਨਰਲ ਪੁਸਤਕਾਂ, 7 ਪਾਠ-ਪੁਸਤਕਾਂ ਅਤੇ ਇਕ ਰੈਫਰੈਂਸ ਪੁਸਤਕ ਸ਼ਾਮਿਲ ਹੈ ਅਤੇ ਇਹ ਪ੍ਰਕਾਸ਼ਨ ਭੰਡਾਰ ਨਿਰੰਤਰ ਸਮਰਿੱਧ ਹੋ ਰਿਹਾ ਹੈ। ਇਹਨਾਂ ਪੁਸਤਕਾਂ ਦੀ ਸੂਚੀ ਹੇਠ ਲਿਖਿਤ ਹੈ:-

ਸੰਗੀਤ ਕੌਮੁਦੀ ਚਾਰ ਭਾਗ ਲੇਖਕ ਵਿਕ੍ਰਮਾਦਿੱਤ ਸਿੰਘ ਨਿਗਮ ਅਨੁਵਾਦ 1971, 1972, 1978, ਸੰਗੀਤ ਸਿਧਾਂਤ ਅਤੇ ਸੁਹਜ ਸ਼ਾਸਤਰ ਲੇਖਕ ਡਾ: ਦਰਸ਼ਨ ਸਿੰਘ ਨਰੂਲਾ 1988, ਸੰਗੀਤ ਰਤਨਾਵਲੀ ਲੇਖਕ ਸੁਰਿੰਦਰ ਕਪਿਲਾ ਤਿੰਨ ਭਾਗਾਂ ਵਿੱਚ 1988, 1991, 1995, ਸੰਗੀਤ ਸ਼ਾਸਤਰ ਅਨੁਵਾਦ ਪ੍ਰੋ: ਤਾਰਾ ਸਿੰਘ ਲੇਖਕ ਮਹੇਸ ਨਰਾਇਣ ਸਕਸੇਨਾ 1988, ਪੰਜਾਬੀ ਸੰਗੀਤਕਾਰ ਲੇਖਕ ਡਾ: ਗੁਰਨਾਮ ਸਿੰਘ 1989, ਸੰਗੀਤ ਨਿਬੰਧਾਵਲੀ ਲੇਖਕ ਡਾ: ਗੁਰਨਾਮ ਸਿੰਘ 1991, ਸੰਗੀਤ ਸ਼ਾਸਤਰ ਵਿਵੇਚਨ ਲੇਖਕ ਸ਼ੰਕਰ ਲਾਲ ਮਿਸ਼ਰਾ 1994, ਗਾਇਨ ਕਲਾ ਦੋ ਭਾਗ ਸ਼੍ਰੀਮਤੀ ਦਵਿੰਦਰ ਕੌਰ, 1989-95 ਗਾਇਨ ਬੰਦਸਾਵਲੀ ਲੇਖਕ ਡਾ: ਗੁਰਨਾਮ ਸਿੰਘ 1999, ਰਾਗਾਂ ਦਾ ਵਿਕਾਸ ਅਤੇ ਵਿਵੇਚਨਾਤਮਕ ਅਧਿਐਨ ਲੇਖਕ ਅਨਿਲ ਨਰੂਲਾ 1999, ਪੰਜਾਬੀ ਭਾਸ਼ਾਈ ਸ਼ਾਸਤਰੀ ਗਾਇਨ ਬੰਦਸਾਂ ਲੇਖਕ ਡਾ: ਗੁਰਨਾਮ ਸਿੰਘ 1999, ਗਾਇਨ ਕਲਾ ਲੇਖਕ ਡਾ: ਯਸ਼ਪਾਲ ਸ਼ਰਮਾ 2001,

ਇਤਿਹਾਸ ਨਾਲ ਸੰਬੰਧਿਤ ਪੁਸਤਕਾਂ:- ਪੰਜਾਬ ਵਿਚ ਸੰਗੀਤ ਕਲਾ ਦਾ ਨਿਕਾਸ ਅਤੇ ਵਿਕਾਸ ਲੇਖਕ ਪੰਨਾ ਲਾਲ ਮਦਾਨ 1986, ਭਾਰਤੀ ਸੰਗੀਤ ਦਾ ਇਤਿਹਾਸ ਲੇਖਕ ਯੋਗੇਂਦਰਪਾਲ ਸ਼ਰਮਾ ਅਤੇ ਬਚਿੱਤਰ ਸਿੰਘ 1988,

ਵਾਦਨ ਨਾਲ ਸੰਬੰਧਿਤ ਪੁਸਤਕਾਂ:- ਵਾਦਨ ਕਲਾ ਲੇਖਕ ਪ੍ਰੋ: ਤਾਰਾ ਸਿੰਘ, ਸੁਰਜੀਤ ਕੌਰ 1972, ਵਾਦਨ ਸਾਗਰ ਦੋ ਭਾਗਾਂ ਵਿੱਚ ਲੇਖਕ ਕੰਵਰ ਮ੍ਰਿਗੇਂਦਰ ਸਿੰਘ 1981, 1997, ਵਾਦਨ ਪਰਵੀਨ ਲੇਖਕ ਪ੍ਰਿੰਸੀਪਲ ਸ਼ਮਸੇਰ ਸਿਘ ਕਰੀਰ 1991, ਤਬਲਾ ਵਾਦਨ ਤਿੰਨ ਭਾਗਾਂ ਵਿੱਚ ਲੇਖਕ ਸ੍ਰ: ਮੋਹਣ ਸਿੰਘ, ਗੁਰਦੀਪ ਸਿੰਘ, ਰਣਜੀਤ ਸਿੰਘ ਅਤੇ ਮਨਮੋਹਨ ਸ਼ਰਮਾ 1996-1997, ਵਾਦਨ ਪ੍ਰਕਾਸ਼ ਲੇਖਕ ਪ੍ਰਿੰਸੀਪਲ ਸ਼ਮਸ਼ੇਰ ਸਿੰਘ ਕਰੀਰ 2005, ਵਾਦਨ ਰਚਨਾ ਸਾਗਰ ਲੇਖਕ ਪ੍ਰਿੰਸੀਪਲ ਸਮਸੇਰ ਸਿੰਘ ਕਰੀਰ 2003,

ਲੋਕ ਸੰਗੀਤ ਨਾਲ ਸੰਬੰਧਿਤ ਪੁਸਤਕਾਂ:- ਪੰਜਾਬ ਦੀਆਂ ਲੋਕਾ ਧੁਨਾਂ ਲੇਖਕ ਗੁਰਪ੍ਰਤਾਪ ਸਿੰਘ ਗਿੱਲ 1984, ਪੰਜਾਬ ਦੇ ਲੋਕ ਸਾਜ ਲੇਖਕ ਅਨਿਲ ਨਰੂਲਾ 1984 ਪੰਜਾਬ ਦੇ ਲੋਕ ਨਾਚ ਲੇਖਕ ਡਾ: ਗੁਰਨਾਮ ਸਿੰਘ, ਪੰਜਾਬੀ ਲੋਕ-ਸੰਗੀਤ ਵਿਰਾਸਤ ਦੋ ਭਾਗਾਂ ਵਿੱਚ ਲੇਖਕ ਡਾ: ਗੁਰਨਾਮ ਸਿੰਘ 2005

ਗੁਰਮਤਿ ਸੰਗੀਤ ਨਾਲ ਸੰਬੰਧਿਤ ਪੁਸਤਕਾਂ:-ਗੁਰਬਾਣੀ ਸੰਗੀਤ ਪ੍ਰਾਚੀਨ ਰੀਤ ਰਤਨਾਵਲੀ ਦੋ ਭਾਗਾਂ ਵਿਚ ਲੇਖਕ ਰਾਗੀ ਅਵਤਾਰ ਸਿੰਘ ਗੁਰਚਰਨ ਸਿੰਘ 1979, ਗੁਰੂ ਰਾਮਦਾਸ ਰਾਗ ਰਤਨਾਵਲੀ ਲੇਖਕ ਪ੍ਰੋ: ਤਾਰਾ ਸਿੰਘ 1995, ਗੁਰੂ ਅਰਜਨ ਦੇਵ ਰਾਗ ਰਤਨਾਵਲੀ ਲੇਖਕ ਪ੍ਰੋ: ਤਾਰਾ ਸਿੰਘ 2000, ਗੁਰੂ ਤੇਗ ਬਹਾਦਰ ਰਾਗ ਰਤਨਾਵਲੀ ਲੇਖਕ ਪ੍ਰੋ: ਤਾਰਾ ਸਿੰਘ 2000, ਗੁਰੂ ਗ੍ਰੰਥ ਸਾਹਿਬ ਰਾਗ ਰਤਨਾਵਲੀ ਲੇਖਕ ਪ੍ਰੋ: ਤਾਰਾ ਸਿੰਘ, ਗੁਰਮਤਿ ਸੰਗੀਤ ਪ੍ਰਬੰਧ ਅਤੇ ਪਾਸਾਰ ਲੇਖਕ ਡਾ: ਗੁਰਨਾਮ ਸਿੰਘ 2000, ਗੁਰਮਤਿ ਸੰਗੀਤ ਵਿੱਚ ਪ੍ਰਯੁਕਤ ਲੋਕ ਸੰਗੀਤਕ ਤੱਤ ਲੇਖਕ ਗੁਰਪ੍ਰਤਾਪ ਸਿੰਘ ਗਿੱਲ 2001

ਇਸ ਪ੍ਰਕਾਰ ਪੰਜਾਬੀ ਯੂਨੀਵਰਸਿਟੀ ਨੇ ਵੱਖ-ਵੱਖ ਵਿਦਵਾਨਾਂ ਪਾਸੋਂ ਪੁਸਤਕਾਂ ਦੀ ਰਚਨਾ ਅਤੇ ਅਨੁਵਾਦ ਕਰਵਾਇਆ ਤਾਂ ਕਿ ਸੰਗੀਤ ਦਾ ਸਿਧਾਂਤਿਕ ਪੱਖ ਆਪਣਾ ਅਸਿਤਿਤਵ ਸੰਭਾਲ ਸਕੇ ਇਸ ਦੇ ਨਾਲ ਹੀ ਸੰਗੀਤ ਦੇ ਕਿਰਿਆਤਮਕ ਪੱਖ ਦੀ ਸਾਂਭ ਸੰਭਾਲ ਹਿੱਤ ਪੰਜਾਬੀ ਯੂਨੀਵਰਸਿਟੀ ਵਿੱਚ ਸੰਗੀਤ ਵਿਭਾਗ ਦੀ ਸਥਾਪਨਾ 1984 ਵਿੱਚ ਕੀਤੀ ਗਈ ਜਿਸਦਾ ਮੁੱਖ ਮੰਤਵ ਪੰਜਾਬ ਦੇ ਮਾਲਵਾ ਖੇਤਰ ਦੇ ਸੰਗੀਤ ਵਿਦਿਆਰਥੀਆਂ ਨੂੰ ਉੱਚ ਸਿੱਖਿਆ ਦੇ ਨਾਲ ਇਸੇ ਦੀ ਖੋਜ ਨੂੰ ਪਹਿਲ ਦੇਣਾ ਸੀ। ਸੰਗੀਤ ਵਿਭਾਗ ਦੀ ਅਰੰਭਤਾ ਤੋਂ ਲੈਕੇ ਅੱਜ ਤੱਕ ਅਨਿਲ ਨਰੂਲਾ, ਸ੍ਰ: ਗੁਰਪ੍ਰਤਾਪ ਸਿੰਘ ਗਿੱਲ, ਪ੍ਰੋ: ਗੁਰਨਾਮ ਸਿੰਘ, ਪ੍ਰੋ: ਯਸ਼ਪਾਲ ਸ਼ਰਮਾ, ਪ੍ਰੋ: ਨਵਜੋਤ ਕੌਰ ਕਸੇਲ ਅਤੇ ਪ੍ਰੋ: ਰਜਿੰਦਰ ਸਿੰਘ ਗਿੱਲ ਨੇ ਸੇਵਾ ਨਿਭਾਈ ਹੈ। ਅੱਜ ਕਲ ਸੰਗੀਤ ਵਿਭਾਗ ਦੇ ਮੁਖੀ ਪ੍ਰੋ: ਰਜਿੰਦਰ ਸਿੰਘ ਗਿੱਲ ਹਨ। ਇਹਨਾਂ ਦੀ ਰਹਿਨੁਮਾਈ ਹੇਠ ਪ੍ਰੋ: ਯਸ਼ਪਾਲ ਸ਼ਰਮਾ, ਪ੍ਰੋ: ਨਵਜੋਤ ਕੌਰ ਕਸੇਲ, ਡਾ: ਨਿਵੇਦਿਤਾ ਸਿੰਘ ਉਪੱਲ, ਡਾ: ਮਨਮੋਹਨ ਸ਼ਰਮਾ, ਸ੍ਰ: ਅਲੰਕਾਰ ਸਿੰਘ, ਸ਼੍ਰੀਮਤੀ ਜਯੋਤੀ ਸ਼ਰਮਾ, ਸ਼੍ਰੀਮਤੀ ਰਵਿੰਦਰ ਕੌਰ ਅਤੇ ਗੈਰ ਅਧਿਆਪਨ ਅਮਲੇ ਵਿੱਚ ਸ਼੍ਰੀ ਜੈ-ਦੇਵ, ਸ੍ਰ: ਮਨਦੀਪ ਸਿੰਘ, ਸ਼੍ਰੀਮਤੀ ਗੁਰਪ੍ਰੀਤ ਕੌਰ, ਸ਼੍ਰੀਮਤੀ ਗੁਰਦੀਪ ਕੌਰ ਸੰਗੀਤ ਦੇ ਵਿਕਾਸ ਲਈ ਸੰਗੀਤ ਸਿਖਿਆ ਦੇਣ ਵਿੱਚ ਸਹਿਯੋਗ ਦੇ ਰਹੇ ਹਨ। ਇਸਦੇ ਨਾਲ ਲਗਵਾਂ ਗੁਰਮਤਿ ਸੰਗੀਤ ਵਿਭਾਗ ਵਿਚ ਗੁਰਬਾਣੀ ਸੰਗੀਤ ਦੀ ਵਿਲੱਖਣ ਗਾਇਨ ਸ਼ੈਲੀ ਦੇ ਪ੍ਰਚਾਰ ਤੇ ਪਰਸਾਰ ਲਈ ਨਿਰੰਤਰ ਕਾਰਜਸ਼ੀਲ ਹੈ। ਇਹ ਵਿਭਾਗ ਪ੍ਰੋ: ਗੁਰਨਾਮ ਸਿੰਘ ਦੀ ਰਹਿਨੁਮਾਈ ਹੇਠ ਕਾਰਜ ਕਰ ਰਿਹਾ ਹੈ। ਜਿਸ ਵਿੱਚ ਡਾ: ਜਾਗੀਰ ਸਿੰਘ, ਡਾ: ਕੰਵਲਜੀਤ ਸਿੰਘ ਅਤੇ ਅਲੀ ਅਕਬਰ ਜੀ ਜਿਹੇ ਮਹਾਨ ਸੰਗੀਤਕਾਰ ਸੰਗੀਤ ਦੀ ਇਸ ਗਾਇਨ ਵਿਧਾ ਗੁਰਮਤਿ ਸੰਗੀਤ ਨੂੰ ਹੋਰ ਵਧੇਰੇ ਪ੍ਰਫੁਲਿਤ ਕਰ ਰਹੇ ਹਨ।

ਇਸ ਪ੍ਰਕਾਰ ਪੰਜਾਬੀ ਯੂਨੀਵਰਸਿਟੀ ਪਟਿਆਲਾ ਨੇ ਸੰਗੀਤ ਦੇ ਦੇ ਵਿਕਾਸ ਹਿੱਤ ਸਿਧਾਂਤਿਕ ਅਤੇ ਕਿਰਿਆਤਮਕ ਪੱਖ ਉਪਰ ਮਹੱਤਵਪੂਰਨ ਕਾਰਜ ਅਰੰਭਿਆ ਹੈ। ਇਸ ਸੰਸਥਾ ਨੇ ਸਿਖਿਆ ਦੇ ਮਿਆਰ ਨੂੰ ਉੱਚਾ ਚੁੱਕਣ ਹਿੱਤ ਹਰੇਕ ਵਿਸ਼ੇ ਸਬੰਧੀ ਪੁਸਤਕਾਂ ਦਾ ਪ੍ਰਕਾਸ਼ਨ ਕਾਰਜ ਅਰੰਭਿਆ ਜੋ ਨਿਰੰਤਰ ਵਿਕਾਸਸ਼ੀਲ ਹੈ। ਸੰਗੀਤ ਦੇ ਵਿਕਾਸ ਨੂੰ ਪ੍ਰਮੁੱਖ ਰੱਖਦਿਆਂ ਸੰਗੀਤ ਵਿਸ਼ੇ ਨਾਲ ਸੰਬੰਧਿਤ ਪੁਸਤਕਾਂ ਦਾ ਪ੍ਰਕਾਸ਼ਨ ਕਰਨਾ ਇਕ ਦੂਰ ਅਦੇਸ਼ੀ ਵਾਲਾ ਕਦਮ ਹੈ। ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਬਿਨਾਂ ਕੋਈ ਵੀ ਅਜਿਹੀ ਸੰਸਥਾ ਨਹੀ ਹੈ ਜਿਸਨੇ ਸੰਗੀਤ ਵਿਸ਼ੇ ਨੂੰ ਮੁੱਖ ਰੱਖਕੇ ਮੂਲ ਭਾਸ਼ਾ ਵਿੱਚ ਪੁਸਤਕਾਂ ਦਾ ਪ੍ਰਕਾਸ਼ਨ ਵੱਡੇ ਪੱਧਰ ਤਕ ਕੀਤਾ ਹੋਵੇ। ਇਸ ਤਰ੍ਹਾਂ ਪੰਜਾਬੀ ਯੂਨੀਵਰਸਿਟੀ ਪਟਿਆਲਾ ਦਾ ਸੰਗੀਤ ਵਿਸ਼ੇ ਉਪਰ ਪ੍ਰਕਾਸ਼ਿਤ ਸਮੁਚਾ ਕਾਰਜ ਅਦੁਤੀ ਹੈ। ਸੰਗੀਤ ਦੀ ਸਾਂਭ-ਸੰਭਾਲ, ਸੁਰਖਿਆ, ਪਰਚਾਰ, ਪਰਸਾਰ ਅਤੇ ਖੋਜ ਕਾਰਜਾਂ ਅਤੇ ਵਿਕਾਸ ਵਿੱਚ ਮਹੱਤਵਪੂਰਨ ਭੂਮਿਕਾ ਪੰਜਾਬੀ ਯੂਨੀਵਰਸਿਟੀ ਪਟਿਆਲਾ ਨਿਭਾ ਰਹੀ ਹੈ। ਕਿਸੇ ਵੀ ਹੋਰ ਉਚੇਰੀ ਵਿਗਿਆਨ ਸੰਸਥਾ ਨੇ ਇਸ ਪੱਧਰ ਤੇ ਇਹ ਕੰਮ ਕਰਨ ਦਾ ਹੌਂਸਲਾ ਨਹੀ ਕੀਤਾ। ਇਸ ਅੱਦੁਤੀ ਕਾਰਜ ਲਈ ਸਮੁਚੇ ਵਿਦਵਾਨ, ਯੂਨੀਵਰਸਿਟੀ ਦੇ ਅਧਿਕਾਰੀ-ਗਣ, ਸੰਬੰਧਿਤ ਵਿਭਾਗ ਅਤੇ ਸੁਹਿਰਦ ਪਾਠਕ ਵਧਾਈ ਦੇ ਪਾਤਰ ਹਨ।

ਪਿੰਡ ਨੂਰਪੁਰ, ਤਹਿ: ਪਾਤੜਾਂ, ਜਿਲ੍ਹਾ ਪਟਿਆਲਾ।
ਮੋਬ: 99151-05008

**THE SIKH REVIEW**
(A Monthly Magazine)

116, Karnani Mansion
25-A, Park Street, Kolkata

ਗੁਰਸਿੱਖ ਰਿਸ਼ਤਿਆਂ ਲਈ ਸੰਪਰਕ ਕਰੋ

**ਗੁਰਸਿੱਖ ਸੰਜੋਗ** ਪੰਦਰਾ–ਰੋਜ਼ਾ ਪੱਤਰ

ਗੁਰਦੁਆਰਾ ਅਕਾਲੀ ਬਾਬਾ ਫੂਲਾ ਸਿੰਘ ਪੂਸਾ ਰੋਡ,
ਨਵੀਂ ਦਿੱਲੀ 110 060 ਫੋਨ : 25862955

# ਮਹਾਨ ਕਲਾਕਾਰ
# ਭਾ: ਮਦਨਜੀਤ ਸਿੰਘ

**ਕਰਮ ਸਿੰਘ ਰਤਨ**

ਦਾਸ ਨੇ ਜਦੋਂ ਸੰਨ 1969 ਵਿਚ, ਆਪਣਾ ਰਾਗੀ ਜੱਥਾ ਕਾਇਮ ਕੀਤਾ ਤਾਂ ਆਪਣੇ ਮਨ ਨਾਲ ਇਹ ਫੈਸਲਾ ਕਰ ਲਿਆ ਕਿ ਮੈਂ ਆਪਣੇ ਨਾਲ ਤਬਲਾ ਵਜਾਣ ਵਾਲਾ ਸਾਥੀ ਅਨਾੜੀ ਬੰਦਾ ਨਹੀਂ ਰੱਖਣਾ, ਕਿਉਂਕਿ ਗਾਇਕੀ ਦਾ ਸਾਰਾ ਦਾਰੋਮਦਾਰ ਤਬਲੇ ਦੇ ਸਿਰ ਤੇ ਹੀ ਹੁੰਦਾ ਹੈ, ਤਬਲੇ ਦ।ਸਿਰ ਤੇ ਹੀ ਗਾਇਕੀ ਸ਼ਿੰਗਾਰੀ ਜਾ ਸਕਦੀ ਹੈ ਕਈ ਰਾਗੀ ਸਿੰਘ ਮੈਂ ਦੇਖੇ ਹਨ, ਜੋ ਤਬਲੇ ਵਾਲੇ ਨੂੰ ਕਹਿੰਦੇ ਹਨ ਕਿ ਬਸ ਸਿੱਧਾ ਸਿੱਧਾ ਵਜਾ, ਕੋਈ ਹੋਰ ਕੰਮ ਨਾ ਦਿਖਾ, ਪਰ ਅਸੀ ਤਬਲੇ ਵਾਲੇ ਨੂੰ ਕਹਿੰਦੇ ਹਾਂ ਕਿ ਜੋ ਤੈਨੂੰ ਆਉਂਦਾ ਹੈ ਓਹ ਵਜਾ, ਆਪਣਾ ਕੰਮ ਦਿਖਾ, ਤਾਂ ਕਿ ਪਬਲਿਕ, ਨੂੰ ਪਤਾ ਲਗੇ ਹਾਂ ਇਸ ਨੂੰ ਕੁੱਛ ਆਉਂਦਾ ਹੈ।ਇਸੇ ਲਈ ਦਾਸ ਦੇ ਨਾਲ ਸਦਾ ਚੰਗੇ ਚੰਗੇ ਨਾਮੀ ਕਲਕਾਰ ਤਬਲਾ ਵਜਾਣ ਵਾਲੇ ਸਾਥੀ ਰਹੇ ਹਨ, ਜਿਹਨਾਂ ਦਾ ਸਿੱਖ ਪੰਥ ਵਿਚ ਚੰਗਾ ਨਾਮ ਹੈ, ਤਬਲਾ ਵਜਾਣ ਵਿਚ, ਉਹਨਾਂ ਵਿਚ ਸਭ ਤੋਂ ਪਹਿਲੇ ਨੰਬਰ ਤੇ ਆਉਂਦੇ ਹਨ-1 ਭਾਈ ਸੁਰਜਨ ਸਿੰਘ ਜੋ ਤਬਲਾ ਵਜਾਣ ਵਿਚ ਸਿੱਖ ਜਗਤ ਦੀ ਜਾਣੀ ਪਛਾਣੀ ਹਸਤੀ ਸਨ, ਤੇ ਸਿਖ ਜਗਤ ਦੇ ਸਭ ਤੋਂ ਵਧੀਆ ਤਬਲਈਏ ਸਨ, ਜਿਹਨਾਂ ਦੇ ਜੀਵਨ ਬਾਰੇ ਮੈਂ ਅੰਮ੍ਰਿਤ ਕੀਰਤਨ ਦੇ ਸਤੰਬਰ 2008 ਦੇ ਅੰਕ ਵਿਚ ਮੈਂ ਲਿਖ ਚੁੱਕਾ ਹਾਂ, ਹੋਰ ਜੋ ਤਬਲਾ ਵਜਾਣ ਵਾਲੇ ਮੇਰੇ ਨਾਲ ਚੰਗੇ ਚੰਗੇ ਵਜੰਤਰੀ ਰਹੇ ਹਨ, ਉਹਨਾਂ ਦੇ ਸੰਬੰਧ ਵਿਚ ਮੈਂ ਗਾਹੇ ਬਗਾਹੇ ਲਿਖਦਾ ਰਹਾਂਗਾ, ਹੋਰ ਜੋ ਮਹਾਨ ਤਬਲੇ ਦੇ ਕਲਾਕਾਰ ਸਨ ਉਹਨਾਂ ਵਿਚ ਮੈਂ, ਪ੍ਰੋਫੈਸਰ ਮੋਹਨ ਸਿੰਘ ਪੰਜਾਬੀ ਯੂਨੀਵਰਸਿਟੀ ਪਟਿਆਲਾ, ਤੀਜੇ ਨੰਬਰ ਤੇ ਭਾ:ਮਦਨਜੀਤ ਸਿੰਘ ਜਿਹਨਾਂ ਬਾਰੇ ਇਸ ਹੱਥਲੇ ਲੇਖ ਵਿਚ ਲਿਖ ਰਿਹਾ ਹਾਂ, ਇਹਨਾਂ ਤੋਂ ਇਲਾਵਾ ਨੰਬਰ-4 ਪੰਡਤ ਰਾਮਚੰਦਰ ਭਟ ਭਾਤਖੰਡੇ ਸੰਗੀਤ ਕਾਲਜ ਲਖਨਊ, 5 ਨੰਬਰ ਤੇ ਭਾ: ਅਨੰਦ ਸਿੰਘ ਰਾਗੀ ਨੇਤ੍ਰਹੀਣ ਦਿਲੀ ਵਾਲੇ ਮਸ਼ਹੂਰ ਰਾਗੀ, ਏਹ ਵੀ ਦਾਸ ਨਾਲ ਕਾਫ਼ੀ ਸਮਾਂ ਤਬਲਾ ਵਜਾਂਦੇ ਰਹੇ।ਨੰ: 6 ਭਾ: ਗੁਰਮੀਤ ਸਿੰਘ ਜੋਸ਼ ਦਿਲੀ ਵਾਲੇ, ਜੋ ਕਿ ਮਸ਼ਹੂਰ ਰਾਗੀ ਭਾ: ਇੰਦਰਜੀਤ ਸਿੰਘ ਨੂਰ ਦੇ ਛੋਟੇ ਭਾਈ ਹਨ, ਅਤੇ ਮਹਾਨ ਕਲਾਕਾਰ ਹਨ ਤਬਲੇ ਦੇ, 7- ਭਾ : ਹਰਭਜਨ ਸਿੰਘ, ਅਜ ਕਲ ਇਹਨਾਂ ਦਾ ਆਪਣਾ ਰਾਗੀ ਜਥਾ ਹੈ, ਇਨ੍ਹਾਂ ਤੋਂ ਇਲਾਵਾ ਮੇਰਾ ਛੋਟਾ ਭਾਈ 8 ਭਾ: ਹਰਚਰਨ ਸਿੰਘ ਕੰਵਲ, 9-ਭਾ: ਕਰਤਾਰ ਸਿੰਘ ਤਰਨ ਤਾਹਨੀ, 10 ਭਾਈ ਤ੍ਰਿਲੋਕ ਸਿੰਘ (ਨੇਤ੍ਰਹੀਣ) 11 ਅਮਰ ਭਾ: ਸ਼ੇਰ ਸਿੰਘ (ਨੇਤ੍ਰ ਹੀਣ) 12 ਭਾ : ਮੋਹਨ ਸਿੰਘ ਘਾਇਲ ਡੇਰਾ ਬਸੀ ਵਾਲੇ, 13- ਭਾ : ਮੋਹਨ ਸਿੰਘ ਦਿਲੀ ਵਾਲੇ, 14 ਭਾ : ਅਮਜੀਤ ਸਿੰਘ ਬਰੇਲੀ ਵਾਲੇ, 15 ਭਾ :ਗੁਰਪਾਲ ਸਿੰਘ ਬੰਬੇ ਵਾਲੇ, 16 ਭਾ :ਕਵਲਜੀਤ ਸਿੰਘ ਧਮਾਕਾ ਦਿਲੀ ਵਾਲੇ, 17 ਭਾ : ਗਿਆਨ ਸਿੰਘ ਦਿਲੀ ਵਾਲੇ, 18 ਭਾ : ਹਜੂਰਾ ਸਿੰਘ ਦਿਲੀ ਵਾਲੇ, 19 ਭਾ: ਅਮਰਜੀਤ ਸਿੰਘ ਲੁਧਿਆਣੇ ਵਾਲੇ,20 ਭਾ : ਮੋਹਨ ਪਾਲ ਸਿੰਘ ਮਸ਼ਹੂਰ ਕੀਰਤਨੀਏ ਦੇ ਸੁਪਤ੍ਰ ਭਾ : ਪਰਵਿੰਦਰ ਸਿੰਘ, 21 ਭਾ :ਅਰਜਜੀਤ ਸਿੰਘ ਪ੍ਰੋਫੈਸਰ ਜੋ ਅਜ ਕਲ, ਭਾ : ਜਗਜੀਤ ਸਿੰਘ ਕੋਮਲ ਨਾਲ ਤਬਲੇ ਦੀ ਸੰਗਤ ਕਰ ਚੁੱਕੇ ਹਨ। ਸੋ ਹੱਥਲਾ ਲੇਖ ਮੈਂ ਭਾ : ਮਦਨਜੀਤ ਸਿੰਘ ਡੇਹਰਾਦੂਨ ਦੇ ਸਬੰਧ ਵਿਚ ਲਿਖ ਰਿਹਾ ਹਾਂ।

ਭਾਈ ਮਦਨਜੀਤ ਸਿੰਘ ਇਕ ਐਸਾ ਮਹਾਨ ਕਲਾਕਾਰ ਹੈ ਜੋ ਕਿ ਇਕੋ ਸਮੇਂ ਮਹਾਨ ਤਬਲਾ ਵਾਦਕ, ਤੇ ਰਾਗੀ, ਤੇ ਉਸਤਾਦ, ਅਤੇ ਕਥਾ ਵਾਚਕ ਅਤੇ ਗ੍ਰੰਥੀ ਅਰਥਾਤ ਆਲਰਾਉਂਡਰ ਹੈ। ਜਦੋਂ ਮੈਂ ਗੁਰਦੁਆਰਾ ਸਿੰਘ ਸਭਾ ਮੁਰਾਦਾਬਾਦ ਵਿਖੇ ਕੀਰਤਨ ਦੀ ਸੇਵਾ ਨਿਭਾ ਰਿਹਾ ਸੀ, ਉਦੋਂ ਭਾ: ਮਦਨਜੀਤ ਸਿੰਘ ਮੇਰੇ ਨਾਲ ਸਾਥੀ ਬਣ ਕੇ ਤਬਲੇ ਦੀ ਸੰਗਤ ਕਰਨ ਆਏ ਸੀ। ਭਾ: ਮਦਨਜੀਤ ਸਿੰਘ ਜੀ ਦੇ ਹੱਥ ਵਿਚ ਕੰਮ ਦੀ ਤਿਆਰੀ, ਕਲਾਕਾਰੀ, ਗਿਣਤਕਾਰੀ, ਲੈਕਾਰੀ ਅਤੇ ਹਥ ਵਿਚ ਮਿਠਾਸ ਹੈ। ਮੈਂ ਬਹੁਤ ਤਬਲਾ ਵਜਾਣ ਵਾਲੇ ਦੇਖੇ ਹਨ, ਜਿਹਨਾਂ ਕੋਲ ਇਹ ਸਭ ਖੂਬੀਆਂ ਨਹੀਂ ਹੁੰਦੀਆਂ, ਇਹ ਖੂਬੀਆਂ ਭਾ: ਸੁਰਜਨ ਸਿੰਘ ਵਿਚ, ਭਾ: ਗੁਰਮੀਤ ਸਿੰਘ ਸਿੰਘ ਜੋਸ਼, ਭਾ: ਨੰਦ ਸਿੰਘ (ਨੇਤ੍ਰ ਹੀਣ), ਪ੍ਰੋਫੈਸਰ ਮੋਹਨ ਸਿੰਘ, ਪ੍ਰੋਫੈਸਰ ਅਮਰਜੀਤ ਸਿੰਘ ਲੁਧਿਆਣਾ ਵਾਲੇ, ਇਹਨਾਂ ਦੇ ਹੱਥ ਵਿਚ ਖੂਬ ਹਨ, ਕਈਆਂ ਦੇ ਹੱਥ ਵਿਚ ਗਿਣਤਕਾਰੀ ਤਾਂ ਹੁੰਦੀ ਹੈ, ਪਰ ਤਿਆਰੀ ਨਹੀਂ ਹੁੰਦੀ, ਕਈਆਂ ਕੋਲ ਤਿਆਰੀ ਤਾਂ ਹੁੰਦੀ ਹੈ ਪਰ ਹੱਥ ਵਿਚ ਮਿਠਾਸ ਨਹੀਂ ਹੁੰਦੀ ਅਤੇ ਜੇ ਮਿਠਾਸ ਹੋਵੇ ਤਾਂ ਲੈਅ ਨਹੀਂ ਹੁੰਦੀ, ਲੇਕਿਨ ਭਾ: ਮਦਨਜੀਤ ਸਿੰਘ ਵਿਚ ਇਹ ਸਭ ਖੂਬੀਆਂ ਮੌਜੂਦ ਹਨ।ਆਪ ਜੀ ਜਦੋਂ ਮੇਰੇ ਨਾਲ ਸੰਗਤ ਕਰਦੇ ਸਨ, ਮੈਂ ਬੇਝਿਜਕ ਹੋ ਕੇ, ਨੌ ਮਾਤਰਾਂ ਮਤ ਤਾਲ, ਝਪ ਤਾਲ, ਧਮਾਰ, ਪੰਜ ਤਾਲ ਗਾਇਆ। ਔਖੇ ਤੋਂ ਔਖਾ ਤਾਲ ਜਾਂ ਛੋਟਾ ਤਾਲ ਗਾਇਆ ਆਪ ਨੇ ਬਾਖੂਬੀ ਢੰਗ ਨਾਲ ਸਾਥ ਦਿੱਤਾ।

ਇਹ ਗੁਣ ਆਪ ਜੀ ਨੇ ਬੜੇ ਮਹਾਨ ਉਸਤਾਦਾਂ ਪਾਸੋਂ ਸੇਵਾ ਕਰ ਕੇ ਪਾਏ। ਜਿਹਨਾਂ ਵਿਚ ਉਸਤਾਦ ਤਾਨਮੂਨ ਬੰਬੇ ਵਾਲੇ, ਉਸਤਾਦ ਅਮੀਰ ਖਾਂ ਬੰਬੇ, ਅਤੇ ਉਸਤਾਦ ਅੱਲਾ ਰੱਖਾ ਖਾਂ ਬੰਬੇ ਵਾਲੇ, ਅਤੇ ਪੰਡਤ ਰਤਨ ਲਾਲ ਰਿਸ਼ੀ ਕੇਸ਼ ਵਾਲੇ, ਇਹ ਸਭ ਤੋਂ ਸਿੱਖਿਆ ਲਈ।

ਭਾਈ ਮਦਨਜੀਤ ਸਿੰਘ ਦਾ ਜਨਮ 28 ਫਰਵਰੀ ਸੰਨ 1968 ਵਿਚ ਪਿਤਾ ਸ: ਬਲਵੰਤ ਸਿੰਘ ਦੇ ਘਰ, ਮਾਤਾ ਰਾਮ ਪਿਆਰੀ ਦੀ ਕੁੱਖੋਂ (ਰਠੌੜ ਰਾਜਪੂਤ) ਬਿਰਾਦਰੀ ਵਿਚ ਪਿੰਡ ਬੁੱਗਾ ਵਾਲਾ ਜ਼ਿਲ੍ਹਾ ਸਹਾਰਨ ਪੁਰ ਯੂ. ਪੀ. ਵਿਚ ਹੋਇਆ ਅਤੇ ਆਪ ਜੀ ਨੇ ਆਪਣੇ ਪਿੰਡ ਦੇ ਹੀ ਪ੍ਰਾਇਮਰੀ ਸਕੂਲ ਵਿਚ ਪੰਜ ਕਲਾਸਾਂ ਤਕ ਪੜ੍ਹਾਈ ਕੀਤੀ, ਪਰ ਬਚਪਨ ਵਿਚ ਹੀ ਆਪ ਆਪਣੇ ਮੂਹੋਂ ਗਾਣੇ ਗਾ ਗਾ ਕੇ ਹੱਥ ਨਾਲ ਪੱਟਾਂ ਤੇ ਤਾਲ ਵਜਾਂਦੇ ਸਨ। ਐਸੀ ਰੁਚੀ ਵੇਖ ਕੇ ਪਿਤਾ ਸ: ਬਲਵੰਤ ਸਿੰਘ ਨੇ ਆਪ ਨੂੰ ਸੰਨ 1979 ਵਿਚ, ਗੁਰਮਤਿ ਸੰਗੀਤ ਵਿਦਿਆਲਾ ਰਿਸ਼ੀਕੇਸ਼, ਯੂ. ਪੀ. ਵਿਖੇ ਗੁਰਮਤਿ ਸੰਗੀਤ ਦੀ ਸਿੱਖਿਆ ਲਈ ਦਾਖਲ ਕਰਵਾ ਦਿੱਤਾ। ਇਸੇ ਵਿਦਿਆਲੇ ਵਿਚ ਆਪ ਜੀ ਨੇ ਪੰਜਾਬੀ ਵੀ ਪੜ੍ਹੀ, ਅਤੇ ਸੰਗੀਤ ਦੀ ਵਿਦਿਆ ਵੀ ਲਈ, ਇਸ ਵਿਦਿਆਲੇ ਵਿਚ ਬਾਬਾ ਗੁਰਦਿਆਲ ਸਿੰਘ ਹੈੱਡ ਗ੍ਰੰਥੀ ਸਨ, ਉਹਨਾਂ ਨੇ ਇਹਨਾਂ ਦੀ ਹੱਥ ਨਾਲ ਤਾਲ ਦੇਣ ਵਾਲੀ ਰੁਚੀ ਵੇਖ ਕੇ, ਇਹਨਾਂ ਨੂੰ ਤਬਲਾ ਸਿੱਖਣ ਦੀ ਪ੍ਰੇਰਨਾ ਦਿੱਤੀ। ਇਹਨਾਂ ਨੇ ਪੰਡਤ ਰਤਨ ਲਾਲ ਰਿਸ਼ੀ ਕੇਸ਼ ਵਾਲਿਆਂ ਤੋਂ ਤਬਲੇ ਦੀ ਸਿੱਖਿਆ ਲੈਣੀ ਸ਼ੁਰੂ ਕਰ ਦਿੱਤੀ, ਇਹਨਾਂ ਦਿਨਾਂ ਵਿਚ ਹੀ ਆਪ ਜੀ ਸੰਨ 198● ਵਿਚ, ਪਿੰਡ ਝਬਰਾਂ ਵਾਲਾ ਜ਼ਿਲ੍ਹਾ ਡੇਹਰਾਦੂਨ ਵਿਖੇ ਪਰਿਵਾਰ ਸਮੇਤ ਆ ਗਏ ਅਤੇ ਸੰਨ 1984 ਤਕ ਆਪ ਜੀ ਨੇ ਰਿਸ਼ੀਕੇਸ਼ ਵਿਦਿਆਲੇ ਵਿਚ ਸੰਗੀਤ ਦੀ ਅਤੇ ਤਬਲੇ ਦੀ ਸਿੱਖਿਆ ਲਈ ਅਤੇ ਸੰਨ 1985 ਵਿਚ ਆਪ ਇਕ ਰਾਗੀ ਜੱਥੇ ਨਾਲ ਮੁੰਬਈ ਚਲੇ ਗਏ। ਉਥੇ ਜਾ ਕੇ ਭਾਈ ਅਵਤਾਰ ਸਿੰਘ ਰਾਗੀ ਨਾਲ, ਕੀਰਤਨ ਦੀ ਡੀਊਟੀ ਤੇ ਲਗ ਗਏ ਅਤੇ ਤਕਰੀਬਨ ਚਾਰ ਸਾਲ ਮੁੰਬਈ ਰਹੇ ਅਤੇ ਮੁੰਬਈ ਵਿਚ ਰਹਿੰਦਿਆਂ ਹੋਇਆਂ ਆਪ ਜੀ ਨੇ, ਉਸਤਾਦ ਤਾਨਮੂਨ ਜੀ ਤੋਂ ਰਾਗ ਗਾਇਕੀ ਦੀ ਸਿੱਖਿਆ ਲਈ ਅਤੇ ਉਸਤਾਦ ਅਮੀਰ ਖਾਂ ਅਤੇ ਉਸਤਾਦ ਅੱਲਾ ਰੱਖਾ ਜੀ ਤੋਂ ਤਬਲੇ ਦੀ ਸਿੱਖਿਆ ਲਈ, ਇਹਨਾਂ ਦਿਨਾਂ ਵਿਚ ਸੰਨ 1987 ਆਪ ਜੀ ਦੇ ਪਿਤਾ ਸ: ਬਲਵੰਤ ਸਿੰਘ ਜੀ ਦਾ ਦਿਹਾਂਤ ਹੋ ਗਿਆ। ਆਪ ਜੀ ਮੁੰਬਈ ਤੋਂ ਵਾਪਸ ਆ ਗਏ। ਪਿਤਾ ਦੇ ਦੇਹਾਂਤ ਤੋਂ ਬਾਅਦ ਆਪ ਦੇ ਪਰਿਵਾਰ ਭੈਣਾਂ-ਭਰਾਵਾਂ ਦੀ ਸੰਭਾਲ ਦਾ ਭਾਰ, ਭਾਈ ਮਦਨਜੀਤ ਸਿੰਘ ਦੇ ਮੋਢਿਆਂ ਤੇ ਆ ਪਿਆ, ਆਪ ਜੀ ਦੇ ਦੋ ਭਰਾ-ਸੰਜੈ ਕੁਮਾਰ ਅਤੇ ਰਾਜ ਕੁਮਾਰ ਅਤੇ ਇਕ ਭੈਣ ਸਰੋਜ ਦੇਵੀ ਸੀ, ਪਿਤਾ ਦੇ ਦੇਹਾਂਤ ਤੋਂ ਬਾਅਦ ਆਪਣੇ ਭੈਣ ਭਰਾਵਾਂ ਦੀ ਸੰਭਾਲ ਵੀ ਕੀਤੀ ਤੇ ਉਹਨਾਂ ਦੀ ਸ਼ਾਦੀਆਂ ਵੀ ਕਰਵਾਈਆਂ। ਸੰਨ 1988 ਵਿਚ ਆਪ ਜੀ ਮੇਰੇ ਨਾਲ ਮੁਰਾਦਾਬਾਦ ਸਾਥੀ ਬਣ ਕੇ ਡੀਊਟੀ ਤੇ ਆ ਗਏ ਅਤੇ ਦੋ ਤਿੰਨ ਸਾਲ ਮੇਰੇ ਨਾਲ ਰਹੇ ਕਿਉਂਕਿ ਸੰਨ 1991 ਵਿਚ ਮੈਂ ਮੁਰਾਦਾਬਾਦ ਤੋਂ ਡੀਊਟੀ ਛੱਡ ਦਿੱਤੀ ਸੀ ਅਤੇ ਸੰਨ 1972 ਵਿਚ ਮੈਂ ਪਰਿਵਾਰ ਸਮੇਤ ਲੁਧਿਆਣੇ ਆ ਗਿਆ ਸੀ। ਸੰਨ 1994 ਵਿਚ ਮੈਂ ਗੁਰਦੁਆਰਾ ਮੰਜੀ ਸਾਹਿਬ ਕਰਨਾਲ ਡੀਊਟੀ ਕੀਰਤਨੀ ਦੀ ਕੀਤੀ ਸੀ, ਉਦੋਂ ਵੀ ਇਹ ਮੇਰੇ ਨਾਲ ਸੇਵਾ ਕਰਦੇ ਰਹੇ ਸਨ।

ਸੰਨ 199● ਵਿਚ ਆਪ ਜੀ ਗੁਰਦੁਆਰਾ ਸ਼ੇਰ ਗਾਹ ਪਾਉਂਟਾ ਸਾਹਿਬ ਵਿਖੇ ਬੱਚਿਆਂ ਨੂੰ ਸਿਖਾਣ ਤੇ ਮਾਸਟਰ ਉਸਤਾਦ ਬਣ ਗਏ, ਇਹਨਾਂ ਦਿਨਾਂ ਵਿਚ ਹੀ ਇਕ ਰਾਗੀ ਜੱਥੇ ਨਾਲ ਕਿਸੇ ਗੁਰਪੁਰਬ ਤੇ ਅਹਿਮਦਾਬਾਦ ਜਾਣ ਦਾ ਸਬੱਬ ਬਣਿਆ, ਉਥੇ ਕਿਸੇ ਗਜ਼ਲ ਗਾਇਕ ਨੇ ਇਹਨਾਂ ਦਾ ਤਬਲਾ ਸੁਣਿਆ ਤਾਂ ਉਹ ਅਹਿਮਦਾਬਾਦ ਟੀ. ਵੀ ਤੇ ਗਜ਼ਲ ਨਾਲ ਸੰਗਤ ਕਰਨ ਲਈ ਇਹਨਾਂ ਨੂੰ ਲੈ ਗਏ, ਉਥੇ ਆਪ ਜੀ ਨੂੰ ਸਰੋਤਿਆਂ ਤੋਂ ਬਹੁਤ ਪ੍ਰਸੰਸਾ ਮਿਲੀ। ਪਾਉਂਟਾ ਸਾਹਿਬ ਵਿਦਿਆਲੇ ਵਿਚ ਆਪ ਜੀ ਨੇ ਡੀਊਟੀ ਕੀਤੀ, ਅਤੇ ਤਕਰੀਬਨ ਛੇ ਸੱਤ ਸਾਲ ਸਾਲ ਜਨਵਰੀ 191● ਤਕ ਉਥੇ ਬੱਚਿਆਂ ਨੂੰ ਸੰਗੀਤ ਦੀ ਤਾਲੀਮ ਦਿੱਤੀ ਅਤੇ ਹੁਣ ਅੱਜ ਕਲ ਜੋ ਉਸ ਵਿਦਿਆਲੇ ਗੁਰਦੁਆਰਾ ਸ਼ੇਰ ਸਾਹ ਪਾਉਂਟਾ ਸਾਹਿਬ ਵਿਖੇ ਬੱਚਿਆਂ ਨੂੰ ਸਿਖਾ ਰਹੇ ਹਨ, ਉਹ ਵੀ ਭਾ: ਮਦਨਜੀਤ ਸਿੰਘ ਦੇ ਹੀ ਸ਼ਾਗਿਰਦ ਹਨ। ਇਸ ਤੋਂ ਇਲਾਵਾ ਗੁਰਦੁਆਰਾ ਗੁਰੂ ਕਾ ਤਾਲ ਆਗਰਾ ਵਿਖੇ ਵੀ ਵਿਦਿਆਲੇ ਵਿਚ ਬੱਚਿਆਂ ਨੂੰ ਸਿਖਾਂਦੇ ਰਹੇ ਹਨ। ਆਪ ਜੀ ਭਾਈ ਜਤਿੰਦਰ ਸਿੰਘ ਰਾਗੀ ਨਾਲ ਗੁਰਦੁਆਰਾ ਸਿੰਘ ਸਭਾ ਨਾਕਾ ਹਿੰਡੋਲਾ ਲਖਨਊ ਵਿਖੇ, ਚਾਰ ਪੰਜ ਸਾਲ ਤਬਲੇ ਦੀ ਸੇਵਾ ਕਰਦੇ ਰਹੇ।

ਸੰਨ 1994 ਵਿਚ ਆਪ ਜੀ ਦੀ ਸ਼ਾਦੀ ਬੀਬੀ ਜਸਵਿੰਦਰ ਕੌਰ ਸਪੁੱਤਰੀ ਸ: ਬਾਲਕ ਸਿੰਘ ਨਾਲ ਪਾਉਂਟਾ ਸਾਹਿਬ ਵਿਖੇ ਹੋਈ। ਆਪ ਜੀ ਨੇ ਆਪਣੀ ਸ਼ਾਦੀ ਸਮੇਂ ਆਪ ਜੀ ਦੇ ਪਿਤਾ ਦੀ ਥਾਂ ਦਾਸ ਨੂੰ ਪਿਤਾ ਦੀ ਸਾਰੀਆਂ ਰਸਮਾਂ ਨਿਭਾਉਣ ਦਾ ਸੁਭਾਗ ਬਖਸ਼ਿਆ।

ਲਖਨਊ ਸਿੰਘ ਸਭਾ ਵਿਖੇ ਡਿਊਟੀ ਕਰਦੇ ਸਮੇਂ, ਲਖਨਊ ਰੇਡੀਓ ਅਤੇ ਟੀ. ਵੀ. ਤੇ ਵੀ ਤਬਲੇ ਦੇ ਪ੍ਰੋਗਰਾਮ

ਦੇਂਦੇ ਰਹੇ। ਕਈ ਗਜ਼ਲ ਗਾਇਕਾਂ ਨਾਲ ਤਬਲੇ ਤੇ ਸੰਗਤ ਕਰਦੇ ਰਹੇ। ਇਸ ਤੋਂ ਇਲਾਵਾ ਭਾਈ ਸਤਿੰਦਰ ਪਾਲ ਸਿੰਘ ਜਗਾਧਰੀ ਵਾਲਿਆਂ ਨਾਲ ਵੀ ਸੇਵਾ ਕਰਦੇ ਹੇ। ਇਹਨਾਂ ਦੇ ਨਾਲ ਹੀ ਕਈ ਵਾਰ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵੀ ਹਾਜ਼ਰੀ ਭਰੀ। ਸੰਨ 2007 ਵਿਚ ਆਪ ਜੀ ਨੇ ਆਪਣਾ ਰਾਗੀ ਜੱਥਾ ਕਾਇਮ ਕਰ ਲਿਆ ਤੇ ਏਥੇ ਦੇਸ਼ ਵਿਚ, ਸਾਰੇ ਸਾਰੇ ਥਾਂ ਪ੍ਰੋਗਰਾਮ ਕਰਦੇ ਰਹੇ। 2008 ਵਿਚ ਆਪ ਜੀ ਨੇ ਵਿਦੇਸ਼ ਯਾਤਰਾ ਕੀਤੀ। ਆਪ ਜੀ 2008 ਵਿਚ ਬੈਂਕਾਂਕ, ਥਾਈਲੈਂਡ ਦੀ ਸੰਗਤ ਦੇ ਸੱਦੇ ਤੇ ਗਏ ਤੇ ਸੰਗਤਾਂ ਨੂੰ ਕੀਰਤਨ ਨਾਲ ਨਿਹਾਲ ਕਰ ਕੇ ਆਏ ਅਤੇ ਮਲੇਸ਼ੀਆ ਵਿਖੇ, ਗੁਰਦੁਆਰਾ ਕਲਾਂਗ ਅਤੇ ਗੁਰਦੁਆਰਾ ਤਿਤੀ ਬੁੰਗਸ਼ਾ ਕੁਆਲਾਲੰਪੁਰ ਤੇ ਸਿੰਘਾਪੁਰ ਸੰਗਤਾਂ ਨੂੰ ਨਿਹਾਲ ਕੀਤਾ ਆਪ ਜੀ ਦੇ ਚਾਰ ਬੱਚੇ ਹਨ, ਦੋ ਬੱਚੀਆਂ ਗੁਰਪ੍ਰੀਤ ਕੌਰ ਤੇ ਗਗਨ ਦੀਪ ਕੌਰ, ਦੋ ਬੱਚੇ ਹਨ, ਭੁਪਿੰਦਰ ਸਿੰਘ ਤੇ ਪ੍ਰਭਜੋਤ ਸਿੰਘ ਆਪ ਜੀ ਦੇ ਪਿੰਡ ਦੇ ਸਕੂਲ ਵਿਚ ਪੜ੍ਹ ਰਹੇ ਹਨ ਅਤੇ ਭਾਈ ਮਨਜੀਤ ਸਿੰਘ ਜੀ ਅੱਜ ਕੱਲ ਗੁਰਦੁਆਰਾ ਗੁਰੂ ਅਰਜਨ ਸਿੰਘ ਸਤਿਸੰਗ ਸਭਾ ਸਮਰਾਲਾ ਚੌਂਕ ਲੁਧਿਆਣਾ ਵਿਖੇ ਕਥਾ ਵਾਚਕ ਅਤੇ ਗ੍ਰੰਥੀ ਵੀ ਸੇਵਾ ਨਿਭਾ ਰਹੇ ਹਨ।


425, ਸਿਮਰਨ ਨਿਵਾਸ,
